ਮਾਸਕ ੴ ਪਤਰ

ਵਾਹਿਗੁਰੂ ਜੀ ਕੀ ਫ਼ਤਹਿ॥

# ਸੂਰਾ

ਅੰਮ੍ਰਿਤਸਰ

ਭਾਈ ਮਤੀ ਦਾਸ ਦੀ ਸ਼ਹੀਦੀ ਚਾਂਦਨੀ ਚੌਕ ਦਿੱਲੀ ਵਿਖੇ

DEC 1989



ਦਸੰਬਰ ੧੯੮੯

ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਤੋਂ ਪਹਿਲਾਂ, ਉਨ੍ਹਾਂ ਦੇ ਸਨਮੁਖ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੋ ਫਾੜ ਚੀਰਨ ਦਾ ਕਹਿਰ ਕਮਾਇਆ ਗਿਆ

www.AKJ.Org

# ਤ ਤ ਕ ਰਾ


| | | |
|---|---|---|
| ਲੰਗਰ ਵਿਚ ਸੁਚਮਤਾ | ੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਅੰਮ੍ਰਿਤਧਾਰੀ ਸਿੰਘਾਂ ਦਾ ਸਜਾਇਆ ਗੁਰੂ ਕਾ ਲੰਗਰ | ੪ | ,, ,, ,, ,, |
| ਚਰਨ ਕਮਲ ਕੀ ਮਉਜ (੬) | ੭ | ,, ,, ,, ,, |
| ਵੰਡ ਕੇ ਛਕਣ ਦੀ ਇਕ ਰੋਚਿਕ ਵਾਰਤਾ | ੧੩ | ਡਾਕਟਰ ਜਸਵੰਤ ਸਿੰਘ ਜੀ ਨੇਕੀ |
| ਕਿਸੁ ਨਾਲਿ ਕੀਚੈ ਦੋਸਤੀ | ੧੪ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਭੂਰਿਆਂ ਵਾਲੇ ਰਾਜੇ ਕੀਤੇ (੩) | ੧੭ | ਕੈਪਟਿਨ ਸਵਰਨ ਸਿੰਘ ਜੀ |
| ਸੱਚਾ ਚਾਨਣ-ਮੁਨਾਰਾ | ੨੩ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਾਨਕ ਭਗਤਾਂ ਸਦਾ ਵਿਗਾਸੁ | ੨੪ | ਸੂਬੇਦਾਰ ਧਰਮ ਸਿੰਘ ਜੀ |
| ਸੀਸ-ਮਾਰਗ ਤੇ ਭਾਈ ਜੈਤਾ ਜੀ | ੨੭ | ਸ: ਸੰਗਤ ਸਿੰਘ ਜੀ ਹੀਰਾ |
| ਖ਼ਾਲਸਾ ! ਆਪਣੀ ਜੀਵਨ ਜੁਗਤਿ ਸੰਭਾਲ !! | ੨੯ | ਭਾਈ ਨਰੈਣ ਸਿੰਘ ਜੀ ਐਮ. ਏ. |
| ਦੋ ਕਵਿਤਾਵਾਂ | ੩੪ | ਸ: ਅਤਰ ਸਿੰਘ ਜੀ ਨੀਰ |
| ਸੰਘਰਸ਼, ਸਿਰਜਨਾ ਤੇ ਸਫਲਤਾ | ੩੭ | ਪ੍ਰਿੰਸੀਪਲ ਨਾਹਰ ਸਿੰਘ ਜੀ |
| ਨਾਮ-ਗੁਰਮੰਤਰ | ੩੯ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ |
| ਕਲਗੀਧਰ ਜੀ ਦੇ ਦੋ ਲਾਲ (ਕਵਿਤਾ) | ੪੦ | ਸ: ਅਤਰ ਸਿੰਘ ਜੀ ਨੀਰ |
| ਹਰਿਮੰਦਰ ਸਾਹਿਬ ( ,, ) | ੪੧ | ਪਾਂਧੀ ਨਨਕਾਣਵੀ |


| | | | |
|---|---|---|---|
| ਸ੍ਰੀ ਗੁਰੂ ਗੋਬਿੰਦ ਸਿੰਘ ਜੀ ਗੁਰਿਆਈ | ੧ ਦਸੰਬਰ | ਸ੍ਰੀ ਗੁਰੂ ਤੇਗ ਬਹਾਦਰ ਜੀ ਸ਼ਹੀਦੀ | ੩ ਦਸੰਬਰ |
| ਸ਼ਹੀਦੀ ਵਡੇ ਸਾਹਿਬਜ਼ਾਦੇ (ਚਮਕੌਰ) | ੨੨ ਦਸੰਬਰ | ਸ਼ਹੀਦੀ ਛੋਟੇ ਸਾਹਿਬਜ਼ਾਦੇ (ਸਰਹੰਦ) | ੨੭ ਦਸੰਬਰ |

## 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | | |
|---|---|---|---|
| ਸੂਰਾ ਸੰਬੰਧਤ ਖਾਲਸਾ ਕਕਾਰ ਸਟੋਰ | ੧੦੦-੦੭ | ਭਾਈ ਅਜੀਤ ਸਿੰਘ, ਕੈਰੋਂ | ੫੦-੦੦ |
| ਗੁਪਤ ਦਾਨ (ਚੜ੍ਹਾਵਾ ਸਮਾਗਮ) | ੩੨੦-੦੦ | ਸ: ਕੁਲਦੀਪ ਸਿੰਘ, ਜਲੰਧਰ | ੫੦-੭੦ |
| ਭਾ: ਨਰਿੰਦਰ ਸਿੰਘ ਪ੍ਰੇਮੀ ਅੰਮ੍ਰਿਤਸਰ ( ,, ) | ੧੫-੦੦ | ਗੁਪਤ ਦਾਨ, ਬੰਬਈ (ਚੜ੍ਹਾਵਾ) | ੧੮-੦੦ |
| ਬੀਬੀ ਕੁਲਦੀਪ ਕੌਰ, ਕਵੈਂਟਰੀ ਯੂ ਕੇ | ੪੦੦-੦੦ | ਗੁਪਤ ਦਾਨ (ਯੂ ਕੇ) | ੫੦੦-੦੦ |
| ਸ: ਮੋਹਨ ਸਿੰਘ, ਕਵੈਂਟਰੀ ਯੂ ਕੇ | ੧੦੦-੦੦ | ਬੀਬੀ ਰਣਜੀਤ ਕੌਰ, ਨੌਰਥੈ ਪਟਨ ਯੂ ਕੇ | ੧੨੫-੦੦ |
| ਭਾਈ ਮਨਜੀਤ ਸਿੰਘ, ਜਬਲਪੁਰ—ਭਰਾ ਦੇ ਅਨੰਦ ਦੀ ਖ਼ੁਸ਼ੀ ਵਿਚ ... ... ... | | | ੧੫੧-੦੦ |

## ਭਾਈ ਸਾਹਿਬ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ ਤੇ ਟ੍ਰੈਕਟ

| | | | |
|---|---|---|---|
| ਗੁਰਮਤਿ ਨਾਮ ਅਭਿਆਸ ਕਮਾਈ | ੧੩-੫੦ | ਗੁਰਮਤਿ ਲੇਖ | ੧੨-੫੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ | ੧੨-੫੦ | ਗੁਰਮਤਿ ਵਿਚਾਰ | ੧੪-੦੦ |
| ਗੁਰਮਤਿ ਪ੍ਰਕਾਸ਼ | ੧੧-੦੦ | ਅੰਮ੍ਰਿਤ ਕੀ ਹੈ ? | ੨-੫੦ |
| ਜੇਲ੍ਹ ਚਿੱਠੀਆਂ | ੩੦-੦੦ | ਜੋਤਿ ਵਿਗਾਸ (ਮਹਾਂ ਕਾਵਿ) | ੧੭-੫੦ |
| ਗੁਰਬਾਣੀ ਲਗਾਂ ਮਾਤ੍ਰਾਂ ਦੀ ਵਿਲੱਖਣਤਾ | ੨੫-੦੦ | ਦਰਸ਼ਨ ਝਲਕਾਂ (ਕਵਿਤਾਵਾਂ) | ੫-੦੦ |
| ਗੁਰਮਤਿ ਬਿਬੇਕ | ੭-੫੦ | ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ | ੬-੦੦ |
| ਵਾਹਿਗੁਰੂ ਸਿਮਰਨ | ੦-੫੦ | ਸਿੰਘਾਂ ਦਾ ਪੰਥ ਨਿਰਾਲਾ | ੧-੦੦ |
| ਆਸਤਕ ਤੇ ਨਾਸਤਕ | ੦-੩੫ | ਤਿਮਰ ਅਗਿਆਨ ਤੋਂ ਉਜਿਆਰਾ | ੦-੩੦ |
| ਨਿਰਬਾਣ ਕੀਰਤਨੀ ਸਿੰਘਾਂ ਦੀ ਦਾਸਤਾਨ | ੦-੮੦ | ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ | ੦-੨੫ |

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

# ਸੂਰਾ

ੴ ਵਾਹਿਗੁਰੂ ਜੀ ਕੀ ਫ਼ਤਹ

ਸ੍ਰੀ ਅੰਮ੍ਰਿਤਸਰ

ਸਾਲਾਨਾ ਚੰਦਾ

| | |
|---|---|
| ਦੇਸ | ੧੫-੦੦ |
| ਇਕ ਪਰਚਾ | ੧-੫੦ |

ਪਰਦੇਸ (ਸਾਰੇ ਦੇਸ)
ਸਾਲਾਨਾ ਚੰਦਾ

| | |
|---|---|
| ਸਮੁੰਦਰੀ ਡਾਕ | ੪੦-੦੦ |
| ਹਵਾਈ ਡਾਕ | ੧੦੦-੦੦ |

Foreign Subscription

| | |
|---|---|
| Sea Mail | 40-0 |
| Air Mail | 100-0 |

ਅਮਾਨਤੀ
ਲਾਈਫ਼ ਮੈਂਬਰ

| | |
|---|---|
| ਦੇਸ | ੧੫੦-੦੦ |

ਪਰਦੇਸ(ਸਾਰੇ ਦੇਸ)

| | |
|---|---|
| ਸਮੁੰਦਰੀ ਡਾਕ | ੪੦੦-੦੦ |
| ਹਵਾਈ ਡਾਕ | ੧੦੦੦-੦੦ |

ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੨੩ ਦਸੰਬਰ ੧੯੮੯ ਅੰਕ ੧੨


## ਲੰਗਰ ਵਿਚ ਸੁਚਮਤਾ

ਜੋ ਭੀ ਗੁਰੂ ਕਾ ਤਿਆਰ-ਬਰ-ਤਿਆਰ ਸਿੰਘ ਹੈ, ਸੋ ਸੋਚ ਇਸ਼ਨਾਨ ਦਾ ਨੇਮੀ ਪ੍ਰੇਮੀ ਹੋਣ ਕਰਕੇ ਸੁਚਮਤਾਈ, ਸ੍ਰੀਰਕ ਸਫਾਈ ਦਾ ਖ਼ਾਲਸ ਨਮੂਨਾ ਹੈ। ਸੁਚਮਤਾਈ-ਹੀਨ ਮਲੀਨ ਕ੍ਰਿਆ ਦੀ ਨਾਪਾਕੀ (ਅਸ਼ੁਧਤਾਈ) ਦਾ ਨਮੂਦ ਮਾਤਰ ਭੀ ਸੁਰਿਆਰ ਬਿਬੇਕੀ ਸਿੰਘ ਦੇ ਖਾਨ ਪਾਨ ਦੇ ਸਾਮਾਨ ਸਰੰਜਾਮ ਅੰਦਰ ਨਹੀਂ ਪਾਇਆ ਜਾਂਦਾ ਅਤੇ ਜੋ ਕੁਛ ਭੀ ਖਾਨ ਪਾਨ ਦੇ ਪਦਾਰਥ ਗੁਰੂ ਕੇ ਸਿੰਘ ਸਜਾਉਂਦੇ ਹਨ, ਉਸ ਵਿਚ ਉਨ੍ਹਾਂ ਦੀ ਅਹੰਮੇਵ ਅਤੇ ਮੇਰ-ਤੇਰ ਦੀ ਰਾਈ ਨਹੀਂ ਹੁੰਦੀ। ਗੁਰੂ ਨਮਿਤ ਗੱਫੇ ਸਜਾਉਂਦੇ ਹਨ ਅਤੇ ਗੱਫੇ ਸਜਾਉਂਦੇ ਹੋਏ 'ਗੁਰੂ ਗੁਰੂ' ਉਚਾਰਨ ਕਰਦਿਆਂ ਸੁਆਸ ਸੁਆਸ ਗੁਰੂ ਨੂੰ ਧਿਆਉਂਦੇ ਗੁਰਮੰਤ੍ਰ ਦੇ ਅਭਿਆਸ ਨੂੰ ਖਿਨ ਖਿਨ ਕਮਾਉਂਦੇ ਰਹਿੰਦੇ ਹਨ। ਅਤੇ ਇਸ ਬਿਧਿ ਪੂਰਨ ਪ੍ਰੇਮ-ਭਾਵਨਾ ਦੀ ਘਾਲਨਾ ਸਹਿਤ ਸਜਾਏ ਭੋਜਨ-ਪ੍ਰਸ਼ਾਦ ਨੂੰ : "ਕਬੀਰ ਮੇਰਾ ਮੁਝ ਮਹਿ ਕਿਛੁ ਨਹੀ ਜੋ ਕਿਛੁ ਹੈ ਸੋ ਤੇਰਾ ॥ ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥* ਦੇ ਭਾਵ ਅਨੁਸਾਰ ਗੁਰੂ-ਅਰਪਨ ਕਰ ਕੇ ਗੁਰੂ ਨੂੰ ਭੋਗ ਲੁਆਉਂਦੇ ਹਨ। ਅਤੇ "ਤੂੰ ਦਾਤਾ ਦਾਤਾਰ ਤੇਰਾ ਦਿਤਾ ਖਾਵਣਾ।"† ਦੇ ਗੁਰਵਾਕ ਅਨੁਸਾਰ ਦੇਵਣਹਾਰ ਦਾਤਾਰ ਗੁਰੂ ਦਾ ਦਿਤਾ ਗੱਫਾ ਸਮਝ ਕੇ ਛਕਾਉਂਦੇ ਭੁੰਚਉਂਦੇ ਅਤੇ ਆਪਣੇ ਮੂੰਹ ਪਾਉਂਦੇ ਤੇ ਆਪਣੀ ਰਸਨੀ ਲਾਉਂਦੇ ਹਨ। ਤਾਹੀਂ ਤੇ ਗੁਰੂ ਕੇ ਸਿੰਘਾਂ ਦਾ ਸਜਾਇਆ ਹੋਇਆ ਭੋਜਨ ਪ੍ਰਸ਼ਾਦ, ਗੁਰੂ ਕੇ ਸਿੰਘਾਂ ਦੇ ਪਵਿਤ੍ਰ ਘਾਲ ਵਾਲੇ ਹੱਥਾਂ ਦਾ ਵਰਤਾਇਆ ਹੋਇਆ ਭੋਜਨ ਪ੍ਰਸ਼ਾਦ, ਸਚਮੁਚ ਗੁਰ-ਪ੍ਰਸ਼ਾਦ ਜਾਂ ਪਰਮ ਪਵਿਤ੍ਰ ਅੰਮ੍ਰਿਤ-ਪ੍ਰਸ਼ਾਦ ਹੈ, ਜਿਸ ਨੂੰ ਭੁੰਚਣਹਾਰਿਆਂ ਦੇ ਅੰਦਰ ਸੱਚੀ ਸੁਚਮਤਾ ਧਾ ਜਾਂਦੀ ਹੈ ਅਤੇ ਅੰਮ੍ਰਿਤ ਦੇ ਸੁਆਦਾਂ ਵਾਲੀ ਪਵਿਤ੍ਰਤਾ ਪਰਵੇਸ਼ ਕਰ ਜਾਂਦੀ ਹੈ।

[ਭਾ: ਸਾ: ਰਣਧੀਰ ਸਿੰਘ ਜੀ ਲਿਖਤ ਪੁਸਤਕ 'ਗੁਰਮਤਿ ਬਿਬੇਕ' ਚੋਂ

* ਸਲੋਕ ਕਬੀਰ ਜੀ, ਨੰ: ੨੦੩, ਪੰਨਾ ੧੩੭੫, †ਵਾਰ ਸੋਰਠ, ਪਉੜੀ ੨੫, ਪੰਨਾ ੬੫੨

www.AKJ.Org

# ਅੰਮ੍ਰਿਤਧਾਰੀ ਸਿੰਘਾਂ ਦਾ ਸਜਾਇਆ ਗੁਰੂ ਕਾ ਲੰਗਰ

[ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਅੰਮ੍ਰਿਤ-ਧਾਰੀ ਸਿੰਘ ਸੂਜਨ ਖਾਲਸਾ ਵੀਰ ਦੇ ਰੋਮ ਰੋਮ ਵਿਚੋਂ ਅੰਮ੍ਰਿਤ ਨਾਮ ਦੇ ਪੁਹਾਰੇ ਛੁਟਦੇ ਹਨ। ਓਸ ਦੇ ਰਿਦੰਤਰੀ ਤਹਿਖ਼ਾਨੇ ਅੰਦਰਿ ਸਤੁ ਸੰਤੋਖ ਦੀ ਵਾਸ-ਸੁਗੰਧੀ ਮਹਿਕਦੀ ਹੈ। ਉਸਦੇ ਸੇਵਾ ਪੁਰਸ਼ਾਰਥੀ ਅਤੇ ਉਦਮੀ ਸੁਭਾਵ ਅੰਦਰ ਸਦਾ ਚੜ੍ਹਦੀ ਕਲਾ ਵਾਲਾ ਆਤਮ-ਤ੍ਰੰਗੀ-ਉਤਸ਼ਾਹ ਠਾਠਾ ਮਾਰਦਾ ਹੈ। ਉਸਦੇ ਅੰਮ੍ਰਿਤ ਬੁਰਕੜੇ ਨੂਰਾਨੀ ਮੁਖਾਰਬਿੰਦ ਤੋਂ ਅੰਮ੍ਰਿਤ ਬਾਣੀ ਦੀ ਬਰਖਾ ਦੇ ਪੁਹਾਰੇ ਛੁਟਦੇ ਹਨ। ਉਸਦੀ ਸਾਰੀ ਪ੍ਰੇਮ-ਮਗਨ-ਆਨੰਦੀ ਦਸ਼ਾ ਦਾ ਪ੍ਰਤਿਬਿੰਬ (ਅਕਸ) ਪ੍ਰਸ਼ਾਦ-ਤਿਆਰੀ ਦੀ ਘਾਲਨਾ ਉਪਰ ਅਜਿਹਾ ਪੈਂਦਾ ਹੈ ਕਿ ਉਸਦੀ ਬਿਬੇਕ-ਘਾਲ ਦਾ ਸਜਿਆ ਪ੍ਰਸ਼ਾਦ ਸਚ ਮੁਚ ਸਤੋ-ਗੁਣੀਆ ਅੰਮ੍ਰਿਤ ਭੋਜਨ ਬਣ ਜਾਂਦਾ ਹੈ। ਜਿਨ੍ਹਾਂ ਨੇ ਇਸ ਨੂੰ ਚਖਿਆ ਹੈ ਸੋਈ ਇਸਦੀ ਸਾਰ ਜਾਣਦੇ ਹਨ। ਅਜਿਹਾ ਪ੍ਰਸ਼ਾਦੁ ਭੋਜਨ "ਬਿਬੇਕ ਪ੍ਰਸ਼ਾਦੁ" ਦੇ ਨਾਉਂ ਤੋਂ ਪਰਸਿਧ ਹੈ। ਇਹ ਬਿਬੇਕ-ਪ੍ਰਸ਼ਾਦ ਕੇਵਲ ਗੁਰੂ ਕੇ ਲੰਗਰਾਂ ਵਿਚ ਸਜਦਾ ਹੈ। ਐਸਾ ਭੋਜਨ-ਪ੍ਰਸ਼ਾਦ ਕੇਵਲ ਗੁਰੂ ਘਰ ਦੇ ਸਿੰਘ ਸੂਜਨਾ ਬਿਬੇਕੀ ਜਨਾਂ ਦੀ ਘਾਲੀ ਬਿਬੇਕ ਘਾਲ ਤੋਂ ਸਜ ਸਕਦਾ ਹੈ। ਗੁਰੂ ਕੇ ਬਿਬੇਕੀ ਦਾ ਬਿਬੇਕ ਬਿੰਜਨ-ਅਸਥਾਨ ਜਿਥੇ ਭੀ ਹੈ, ਉਹ ਗੁਰੂ ਕਾ ਲੰਗਰ ਹੈ।

ਗੁਰੂ ਕਾ ਲੰਗਰ ਸੋ ਹੈ ਜਿਥੋਂ ਆਤਮ-ਗਉਣੀ ਅਭਿਆਗਤ ਵਰੋਸਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ, ਜਿਥੋਂ ਅਧਿਕਾਰੀ ਖੁਧਿਆਵੰਤ ਅਹਾਰੁ ਪਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੋਂ ਅਹਾਰ ਪਾ ਕੇ ਪਰਮ ਤ੍ਰਿਸ਼ਨਾਲੂ ਭੀ ਤ੍ਰਿਪਤਾਉਂਦੇ ਹਨ। ਗੁਰੂ ਕਾ ਲੰਗਰ ਸੋ ਹੈ ਜਿਥੇ ਗੁਰੂ ਕੀਆਂ ਸੰਗਤਾਂ ਦੀਆਂ ਪੰਗਤਾਂ ਲਗਦੀਆਂ ਹਨ। ਗੁਰੂ ਕਾ ਲੰਗਰ ਸੋ ਹੈ ਜਿਥੇ ਗੱਫੇ ਲਾ ਕੇ ਗੁਰ ਕੀ ਹੋਣਹਾਰੀ ਪਨੀਰੀ ਗੁਰੂ ਕੀ ਹੀ ਹੋ ਰਹਿੰਦੀ ਹੈ। ਪਰ ਗੁਰੂ ਕਾ ਲੰਗਰ ਸੋ ਹੈ ਜਿਥੇ ਕੇਵਲ ਗੁਰੂ ਕੀਆਂ ਤਿਆਰ-ਬਰ-ਤਿਆਰ ਫ਼ੌਜਾਂ ਹੀ ਲੰਗਰ ਸਜਾਉਂਦੀਆਂ ਹਨ। ਜਿਸ ਲੰਗਰ ਵਿਖੇ ਗੁਰੂ ਕੇ ਰਹਿਤਵਾਨ ਬਿਬੇਕੀ ਸਿੰਘ ਆਪਣੀ ਬਿਬੇਕ-ਘਾਲਨਾ ਦੁਆਰਾ ਘਾਲਿਆ ਰਹਿਤ ਬਹਿਤ ਦਾ ਬਿਬੇਕ ਪ੍ਰਸ਼ਾਦ ਨਹੀਂ ਤਿਆਰ ਕਰਦੇ, ਓਹ ਗੁਰੂ ਕਾ ਲੰਗਰ ਕੇਹਾ ? ਗੁਰੂ ਕਾ ਲੰਗਰ ਸੋ ਹੈ ਜਿਥੇ ਪ੍ਰਸ਼ਾਦ ਦੇ ਸਜਾਵੇ ਤੇ ਵਰਤਾਵੇ ਗੁਰੂ ਕੇ ਸਿੰਘ ਹੋਣ। ਗੁਰੂ ਕਾ ਲਗਰ ਸੋ ਹੈ ਜਿਥੇ 'ਸਤੀ ਦੇਇ ਸੰਤੋਖੀ ਖਾਇ' ਵਾਲਾ ਵਰਤਾਰਾ ਵਰਤਦਾ ਹੋਵੇ। ਗੁਰੂ ਕਾ ਲੰਗਰ ਸੋ ਹੈ ਜਿਥੇ ਲੰਗਰ ਦੇ ਸੇਵਾਦਾਰ ਸਾਰੇ ਤਿਆਰ-ਬਰ-ਤਿਆਰ‡ ਰਹਿਤਵਾਨ ਸਤੋ-ਗੁਣੀ ਸਿੰਘ ਸੁਜਾਨ ਹੋਣ।

"ਸੇਵਕ ਕਉ ਸੇਵਾ ਬਨਿ ਆਈ"* ਗੁਰਵਾਕ ਦੇ ਭਾਵ ਅਨੁਸਾਰ ਬਿਨਾਂ ਗੁਰੂ ਘਰ ਦੇ ਸੇਵਕਾਂ ਦੇ ਗੁਰੂ ਕੇ ਲੰਗਰ ਦੀ ਸੇਵਾ ਦੀ ਸਾਰ ਹੀ ਹੋਰ ਕਿਸੇ ਨੂੰ ਕੀ ?

ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਘਰ ਦਾ ਨਿਰਮਾਣ ਸੇਵਕ ਹੋਵੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜੋ ਗੁਰੂ ਕੀ ਸੰਗਤਾਂ ਵਿਖੇ ਗੁਰੂ ਰੂਪ ਹੀ ਦੇਖੇ। ਗੁਰੂ ਕੇ ਲੰਗਰ ਦੀ ਸੇਵਾ ਸੋ ਕਰੇ ਜਿਸ ਦੀ ਸਮਦ੍ਰਿਸ਼ਟੀ ਊਚ ਨੀਚ ਉਤੇ ਸਮਾਨ ਹੋਵੇ। ਗੁਰੂ ਕੀ ਸੇਵਾ ਜੋ ਸੰਗਤਾਂ ਦੀ ਸੇਵਾ ਵਿਚ ਸਮਝੇ, ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਸੋ ਪੂਰਨ ਧਰਮੀ ਗੁਰਮਤਿ-ਧਾਰੀ ਗੁਰੂ ਕਾ ਆਗਿਆਕਾਰੀ ਸਿੰਘ ਸੁਜਾਨ ਹੋਵੇ ਸੋ ਕਰੇ ਗੁਰੂ ਕੇ ਲੰਗਰ ਦੀ ਸੇਵਾ। ਗੁਰੂ ਕੇ ਲੰਗਰ ਵਿਚ ਉਚ ਆਤਮ-ਬਿਵਸਥਾ ਦੇ ਖਿਡਾਰੀ ਕਲਾਧਾਰੀ ਸਿੰਘਾਂ ਤੋਂ ਬਿਨਾਂ ਸਾਮਾਨ ਸਾਧਾਰਨ ਰਹਿਤ ਰਹਿਣੀ

---

‡ਨੋਟ:—ਅੰਮ੍ਰਿਤ ਛਕਣ ਸਮੇਂ ਪੰਚਾਂ ਵਲੋਂ ਹੁਕਮ ਹੁੰਦਾ ਹੈ ਕਿ ਰੋਟੀ, ਬੇਟੀ ਦੀ ਸਾਂਝ ਕੇਵਲ ਖਾਲਸੇ ਨਾਲ ਰਖਣੀ ਹੈ। ਪਰ ਜੋ ਬੇ-ਅੰਮ੍ਰਿਤੀਆਂ, ਨਿਗੁਰਿਆਂ, ਅਤੇ ਬਿਖਿਆ-ਪਾਨ ਕਰਨ ਵਾਲਿਆਂ ਦੇ ਹੱਥਾਂ ਦੇ ਤਿਆਰ ਕੀਤੇ ਪਦਾਰਥ ਛਕਦੇ ਹਨ, ਉਹ ਉਪ੍ਰੋਕਤ ਹੁਕਮ ਦੀ ਉਲੰਘਣਾ ਕਰ ਰਹੇ ਹੁੰਦੇ ਹਨ। ਬਜ਼ਾਰਾਂ ਤੇ ਘਰਾਂ ਵਿਚ ਖੁਲ੍ਹਾ ਛਕਣ-ਛਕਾਣ ਵਾਲੇ ਤਿਆਰ-ਬਰ-ਤਿਆਰ ਸਿੰਘ ਕਿਵੇਂ ਹੋ ਸਕਦੇ ਹਨ ? —ਸੰਪਾਦਕ

* ਸੁਖਮਨੀ ਸਾਹਿਬ, ਪੰਨਾ ੨੯੨



www.AKJ.Org

ਵਾਲੇ ਹੁਕਮਾਂ ਦੇ ਕਮਾਵਣਹਾਰੇ ਤਿਆਰ-ਬਰ-ਤਿਆਰ ਸਿੰਘ ਭੀ ਸੇਵਾ ਦਾ ਅਧਿਕਾਰ ਰਖਦੇ ਹਨ।

ਪ੍ਰੰਤੂ ਇਸ ਰਹਿਤ-ਰਹਿਣੀ, ਅਰਥਾਤ, ਅੰਮ੍ਰਿਤ ਛਕਣ ਦੇ ਸਮੇਂ ਦੀ ਰਹਿਤ-ਰਹਿਣੀ ਭਾਵ "ਸਤਿਗੁਰ ਕੈ ਜਨਮੇ ਗਵਨੁ ਮਿਟਾਇਆ" † ਗੁਰਵਾਕ ਦੇ ਭਾਵ ਅਨੁਸਾਰ ਗੁਰੂ ਘਰ ਵਿਖੇ ਜਨਮ ਲੈਣ ਸਮੇਂ ਦੇ ਦ੍ਰਿੜ੍ਹਾਏ ਹੁਕਮਾਂ ਦੀ ਕਮਾਈ ਵਾਲੀ ਰਹਿਤ ਰਹਿਣੀ ਤੋਂ ਰਹੇ ਹੋਏ (ਡਿਗੇ ਹੋਏ) ਤਨਖਾਹੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਨਹੀਂ, ਜਦ ਤੀਕ ਕਿ ਉਹ ਤਨਖ਼ਾਹ ਨਾ ਬਖ਼ਸ਼ਾ ਲੈਣ ਅਤੇ ਉਹਨਾਂ ਦੀ ਲੰਗਰ ਦੀ ਸੇਵਾ ਹਿਤ ਤਿਆਰ-ਬਰ-ਤਿਆਰੀ ਦਾ ਅਰਦਾਸਾ ਨਾ ਸੁਧ ਜਾਵੇ।

ਜਦ ਗੁਰੂ ਘਰ ਵਿਖੇ ਆ ਕੇ (ਜਨਮ ਕੇ) ਫੇਰ ਤਨਖ਼ਾਹੀ ਹੋਣ ਵਾਲਿਆਂ ਦਾ ਕੋਈ ਹੱਕ ਅਧਿਕਾਰ ਗੁਰੂ ਕੇ ਲੰਗਰ ਦੀ ਸੇਵਾ ਲਈ ਨਹੀਂ ਹੋ ਸਕਦਾ, ਤਦ ਗੁਰਮਤਿ ਤੋਂ ਘੁਥੇ ਉਕੇ ਅਨਮਤੀਆਂ ਅਤੇ ਬੇਧਰਮੀਆਂ ਨੂੰ ਗੁਰੂ ਕੇ ਲੰਗਰ ਦੀ ਸੇਵਾ ਦਾ ਅਧਿਕਾਰ ਕਦ ਹੋ ਸਕਦਾ ਹੈ ? ਉਹ ਕੀ ਜਾਂਨਣ ਸਾਰ ਗੁਰੂ ਕੇ ਲੰਗਰ ਦੀ ਸੇਵਾ ਦੀ, ਜੋ ਧਰਮ-ਹੀਣੇ ਨਿਗੁਰੇ ਅਨਮਤੀ ਹਨ। ਗੁਰੂ ਕੇ ਲੰਗਰ ਦੀ ਸੇਵਾ ਲਈ ਗੁਰੂ ਕੇ ਸਿੱਖਾਂ ਦੀ ਮੋਹਰ-ਛਾਪ ਹੈ। ਨਹੀਂ ਤਾਂ ਉਹ ਗੁਰੂ ਕਾ ਲੰਗਰ ਨਹੀਂ, ਮਿਲਗੋਭਾ ਲੰਗਰ ਹੈ। ਗੁਰੂ ਕਾ ਲੰਗਰ ਤਿਸ ਨੂੰ ਮਤ ਕਹੋ ਜਿਸ ਦੇ ਸੇਵਕਾਂ-ਸਿਰ ਗੁਰੂ ਕੀ ਮੋਹਰ ਛਾਪ ਨਹੀਂ। ਸਤਿਗੁਰ ਨਾਨਕ ਦਸਮੇਸ਼ ਜੀ ਦੇ ਘਰ ਤੇ ਬਾਹਰ ਜੋ ਭੀ ਲੰਗਰ ਹਨ ਸੋ ਗੁਰੂ ਕੇ ਲੰਗਰ ਨਹੀਂ ਕਹਾ ਸਕਦੇ।

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥ (ਪੰਨਾ ੪੩੫,

ਜਿਨ੍ਹਾਂ ਗੁਰ ਘਰ ਵਿਖੇ ਗੁਰੂ ਕਾ ਖੰਡੇ ਦਾ ਅੰਮ੍ਰਿਤ ਛਕ ਗੁਰੂ ਧਾਰਨ ਨਹੀਂ ਕੀਤਾ, ਉਹ ਸਭ ਨਿਗੁਰੇ ਹਨ। ਨਿਗੁਰੇ ਗੁਰੂ ਕੇ ਲੰਗਰ ਅੰਦਰ ਸ਼ਾਮਲ ਨਹੀਂ ਹੋ ਸਕਦੇ। ਜਿਥੇ ਨਿਗੁਰੇ ਸੇਵਾਦਾਰ ਹਨ ਉਹ ਮਿਲਗੋਭਾ ਲੰਗਰ ਹੈ, ਉਹ ਗੁਰੂ ਕਾ ਲੰਗਰ ਨਹੀਂ ਸਦਾ ਸਕਦਾ। ਧਰਮਹੀਣ ਗੁਰੂ ਕੇ ਲੰਗਰ ਦੀ ਸੇਵਾ ਨਹੀਂ ਕਰ ਸਕਦੇ। ਜਿਨ੍ਹਾਂ ਦੇ ਅੰਦਰ ਧਰਮ ਦੀ ਅੰਸ ਹੀ ਨਹੀਂ, ਉਹਨਾਂ ਵਿਚ ਸੇਵਾ ਦੀ ਅੰਸ ਹੀ ਨਹੀਂ ਹੋ ਸਕਦੀ। ਜਿਨ੍ਹਾਂ ਅੰਦਰ ਸੇਵਾ ਦੀ ਅੰਸ ਹੀ ਨਹੀਂ, ਉਹਨਾਂ ਨੂੰ ਸੇਵਾ ਦਾ ਅਧਿਕਾਰ ਨਹੀਂ ਹੋ ਸਕਦਾ। ਸੇਵਾ ਕੇਵਲ ਸੇਵਕ ਨੂੰ ਹੀ ਬਨਿ ਆਈ ਹੈ, ਜਿਸ ਨੇ "ਹੁਕਮੁ ਬੂਝਿ ਪਰਮ ਪਦੁ ਪਾਈ"* ਗੁਰਵਾਕ ਦੇ ਭਾਵ ਅਨੁਸਾਰ ਹੁਕਮ ਬੁਝ ਕੇ ਹੀ ਸੇਵਕ ਦੀ ਪਦਵੀ ਪਾਈ ਹੋਵੇ। ਜਿਨ੍ਹਾਂ ਨੇ ਹੁਕਮਨ ਸਿਰ ਹੁਕਮੁ 'ਏਕੋ ਹੁਕਮੁ' ਨਹੀਂ ਬੁਝਿਆ, ਜੋ ਗੁਰ "ਸਤਿਗੁਰ ਦੀਆ ਬੁਝਾਇ ਜੀਉ"‡ ਦੇ ਭਾਵ ਅਨੁਸਾਰ ਕੇਵਲ ਸਤਿਗੁਰ ਦੁਆਰਾ ਨਿਗੁਰੇ ਤੋਂ ਸਗੁਰੇ ਹੋਇਆਂ ਹੀ ਬੁਝਿਆ ਜਾ ਸਕਦਾ ਹੈ। ਜਿਨ੍ਹਾਂ ਨੇ ਸਤਿਗੁਰ ਦਸਮੇਸ਼ ਜੀ ਦਾ ਖੰਡੇ ਦਾ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਜਣ ਵਾਲਾ ਹੁਕਮ ਨਹੀਂ ਬੁਝਿਆ (ਮੰਨਣਾ ਤਾਂ ਕਿਤੇ ਰਿਹਾ), ਉਹ ਸੇਵਕ ਦੀ ਪਦਵੀ ਨੂੰ ਕੀ ਬੁਝ ਸਕਦੇ ਹਨ! ਉਹ ਗੁਰੂ ਕੇ ਲੰਗਰ ਦੀ ਸੇਵਾ ਲਈ ਕੀ ਡੀਂਗਾਂ ਮਾਰ ਸਕਦੇ ਹਨ! ਹੁਕਮ ਤਿਨ੍ਹਾਂ ਨੇ ਬੁਝਿਆ ਹੈ ਜਿਨ੍ਹਾਂ ਹੁਕਮ ਨੂੰ ਕਮਾਇਆ ਹੈ। ਅੰਮ੍ਰਿਤ ਛਕ ਕੇ ਸਤਿਗੁਰੂ ਦੇ ਘਰ ਵਿਚਿ ਜਨਮਣ ਦਾ, ਗੁਰਮਤਿ ਮੰਡਲ ਵਿਚ ਆਉਣ ਦਾ ਹੁਕਮ ਹੀ ਜਿਸ ਨੇ ਨਹੀਂ ਕਮਾਇਆ, ਉਹ ਗੁਰੂ ਕੇ ਲੰਗਰ ਰੂਪੀ ਗੁਰਮਤਿ ਮੰਡਲੀ ਸੇਵਾ, ਨਹੀਂ ਨਹੀਂ ਗੁਰਮਤਿ ਮੰਜ਼ਲੀ ਸੇਵਾ ਨੂੰ ਕੀ ਬੁਝ ਸਕਦੇ ਹਨ! ਹਾਂ, ਗੁਰੂ ਕੇ ਲੰਗਰ ਰੂਪੀ ਮੰਡਲ ਤੋਂ ਬਾਹਰ ਯਾਚਕਾਂ ਅਭਿਲਾਖੀਆਂ ਉਮੈਦਵਾਰਾਂ (ਕੈਂਡੀਡੇਟਾਂ) ਨੂੰ ਉਹਨਾਂ ਦੇ ਰਿਦੇ ਭੂਮਕਾ ਨੂੰ ਸੁਧ ਕਰਨ ਹਿਤ ਅਤੇ ਅੰਮ੍ਰਿਤ ਦੇ ਅਧਿਕਾਰੀ ਬਨਾਵਣ ਹਿਤ ਯਥਾ ਯੋਗ ਸੇਵਾ ਦਿਤੀ ਜਾ ਸਕਦੀ ਹੈ। ਪ੍ਰੰਤੂ ਜਦ ਤੀਕ ਉਹ ਅੰਮ੍ਰਿਤ ਛਕ ਕੇ ਤਿਆਰ-ਬਰ-ਤਿਆਰ ਸਿੰਘ ਨਾ ਸਜ ਜਾਣ, ਤਦ ਤੀਕ ਉਹਨਾਂ ਹਥੋਂ ਤਿਆਰ ਹੋਇਆ ਖਾਣਾ ਖਾਣਾ ਬ੍ਰਿਬੇਕੀ ਜਨ ਨੂੰ ਬਿਬਰਜਤ ਹੈ। ਕਿਉਂਕਿ ਜਦ ਤਾਈਂ ਉਹ ਅੰਮ੍ਰਿਤ ਛਕ ਕੇ ਖਾਲਸਾ ਧਰਮ (ਗੁਰਮਤਿ ਧਰਮ) ਧਾਰਨ ਨਹੀਂ ਕਰ ਲੈਂਦੇ, ਉਤਨਾ ਚਿਰ ਉਹ ਧਰਮਹੀਣ ਹਨ, ਅਨਮਤੀ ਹਨ। ਕਿਉਂਕਿ :

ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥੪॥ [ਬਸੰਤੁ ਮ: ੧, ਪੰਨਾ ੧੧੮੮

† ਰਾਮਕਲੀ ਮ: ੧, ਪੰਨਾ ੯੪੦ * ਸੁਖਮਨੀ ਸਾਹਿਬ, ਪੰਨਾ ੨੯੨ ‡ ਸਿਰੀਰਾਗੁ ਮ: ੧, ਪੰਨਾ ੭੨



www.AKJ.Org

ਗੁਰਵਾਕ ਦੇ ਭਾਵ ਅਨੁਸਾਰ ਕੇਵਲ (ਏਕੋ) ਗੁਰਮਤਿ ਧਰਮ ਹੀ ਸੱਚਾ ਧਰਮ ਹੈ, ਜੋ ਜੁਗੋ ਜੁਗ ਪੂਰਾ ਉਤਰਨਾ ਹੈ। ਗੁਰਮਤਿ ਧਰਮ ਤੋਂ ਬਿਨਾਂ ਹੋਰ ਕੋਈ ਧਰਮ ਨਹੀਂ, ਸੋ ਗੁਰਮਤਿ ਧਰਮ ਤੇ ਖਾਲਸਾ ਧਰਮ ਤੋਂ ਸਖਣੇ, ਸਭ ਹੀਣੇ ਨਿਗੁਰੇ ਬੇਦੀਨ ਹਨ। ਅਤੇ ਗੁਰੂ ਦਾ ਹੁਕਮ ਹੈ :

ਚੋਰਾ ਜਾਰਾ ਰੰਡੀਆ ਕੁਟਣੀਆ ਦੀਬਾਣੁ ॥ ਵੇਦੀਨਾ ਕੀ ਦੋਸਤੀ ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥ ਗਦਹੁ ਚੰਦਨਿ ਖਉਲੀਐ ਭੀ ਸਾਹੂ ਸਿਉ ਪਾਣੁ ॥
ਨਾਨਕ ਕੂੜੈ ਕਤਿਐ ਕੂੜਾ ਤਣੀਐ ਤਾਣੁ ॥ ਕੂੜਾ ਕਪੜੁ ਕਛੀਐ ਕੂੜਾ ਪੈਨਣੁ ਮਾਣੁ ॥੧॥੧੪॥

ਵਾਰ ਸੂਹੀ, ਸਲੋਕ ਮ: ੧, ਪੰਨਾ ੭੯੦

ਭਾਵ-ਪ੍ਰਮਾਰਥ ਏਸ ਗੁਰ ਪ੍ਰਮਾਣ ਦਾ ਇਹ ਹੈ ਕਿ ਜਿਹੜੇ ਪੁਰਸ਼ ਚੋਰਾਂ, ਯਾਰਾਂ ਦੀ ਅਤੇ ਕੁਟਣੀਆਂ ਰੰਡੀਆਂ ਦੀ ਕੁਸੰਗ-ਮਜਲਸ ਜਾ ਕੇ ਬਹਿੰਦੇ ਹਨ ਅਤੇ ਜਿਹੜੇ ਬੇਦੀਨਾਂ ਦੇ ਨਾਲ ਦੋਸਤੀ (ਸਮੀਪੀ ਸਨੰਬੰਧ ਨਾਤੇ) ਗੰਢਦੇ ਹਨ (ਅਥਵਾ ਰਖਦੇ ਹਨ) ਅਤੇ ਬੇਦੀਨਾਂ ਦਾ ਖਾਣਾ ਖਾਂਦੇ ਹਨ, ਓਹ ਸਿਫਤਾਂ (ਪ੍ਰਮਾਰਥੀ ਸਿਫਤ ਸਾਲਾਹਾਂ) ਸੰਦੀ ਸਾਰ ਨਹੀਂ ਜਾਣਦੇ ਅਤੇ ਓਹਨਾਂ ਦੇ ਅੰਦਰ ਸਦਾ ਸ਼ੈਤਾਨ ਵਸਦਾ ਹੈ। ਉਹਨਾਂ ਦੀ ਗਤੀ ਗਧਿਆਂ (ਖੋਤਿਆਂ) ਦੇ ਨਿਆਈਂ ਹੁੰਦੀ ਹੈ, ਉਹਨਾਂ ਨੂੰ ਚਾਹੇ ਚੰਨਣ ਵਿਚ ਨਵ੍ਹਾਲਿਆ (ਲਿਬੇੜਿਆ ਲਿਪਿਆ) ਜਾਵੇ ਪਰ ਉਹ ਫੇਰ ਭੀ ਸੁਆਹ (ਖੇਹ) ਵਿਚ ਜਾ ਕੇ ਹੀ ਲਿਟਣਗੇ। ਗੁਰੂ ਸਾਹਿਬ ਫੁਰਮਾਉਂਦੇ ਹਨ ਕਿ ਕੂੜਾਵਾ ਕਤਣ ਕਤਿਆ ਜਾਵੇ ਤਾਂ ਕੂੜ ਦਾ ਹੀ ਤਾਣਾ ਤਣੀਦਾ ਹੈ ਅਤੇ ਕੂੜ ਦਾ ਕਪੜਾ ਕਛ ਕੇ ਤਿਆਰ ਕੀਤਾ ਜਾਵੇ ਤਾਂ ਉਸ਼ ਦਾ ਪਹਿਨਣਾ ਭੀ ਕੂੜਾ ਹੈ ਅਤੇ ਉਸ ਪਹਿਨਣ ਦਾ ਮਾਣ ਕਰਨਾ ਵੀ ਕੂੜਾ ਹੈ। ਏਥੇ ਸਾਰੇ ਸ਼ਬਦ ਦੀ ਵਿਆਖਿਆ ਦੀ ਲੋੜ ਨਹੀਂ, ਪ੍ਰਕਰਣ ਸੰਬੰਧੀ "ਵੇ-ਦੀਨਾ ਕੀ ਦੋਸਤੀ ਵੇ-ਦੀਨਾ ਕਾ ਖਾਣੁ ॥ ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥" ਵਾਲਾ ਸਾਖਾ ਹਦਾਇਤ ਮਈ ਹੁਕਮ ਜੋ ਇਹ ਗੁਰਵਾਕ ਦਿੰਦਾ ਹੈ ਉਸ ਤੋਂ ਤਾਂ ਸਾਫ ਸਿਧ ਹੁੰਦਾ ਹੈ ਕਿ ਬੇਦੀਨਾ ਕੀ ਦੋਸਤੀ ਅਤੇ ਬੇਦੀਨਾਂ ਕਾ ਖਾਣ ਗੁਰਮਤਿ ਅੰਦਰ ਬਿਬਰਜਤ ਹੈ। ਏਸ ਦਾ ਭਾਵ ਐਨ ਓਹੀ ਹੈ ਜੋ ਅੰਮ੍ਰਿਤ ਛਕਣ ਸਮੇਂ ਦ੍ਰਿੜਾਇਆ ਜਾਂਦਾ ਹੈ ਕਿ ਰੋਟੀ, ਬੇਟੀ ਦੀ ਸਾਂਝ ਵਰਤੋਂ ਖਾਲਸਾ ਨਾਲ ਹੀ ਰਖਣੀ, ਅਨਮਤੀਆਂ ਨਾਲ ਨਹੀਂ ਰਖਣੀ।

'ਬੇਦੀਨ' ਪਦ ਉਤੇ ਅਕਸਰ ਏਅਤਰਾਜ਼ ਇਹ ਹੁੰਦਾ ਹੈ ਕਿ ਕੀ ਗੁਰਮਤਿ ਤੋਂ ਬਿਨਾਂ ਹੋਰ (ਆਨ) ਮਤਾਂ ਵਾਲਿਆਂ ਦਾ ਕੋਈ ਦੀਨ ਨਹੀਂ ? ਕੀ ਸਾਰੇ ਦੀਨ ਮਜ਼ਹਬ ਬੇਦੀਨੇ ਹਨ ? ਸੋ ਏਸ ਦਾ ਉਤਰ ਇਹ ਹੈ ਕਿ ਅਸੀਂ ਤਾਂ ਕੇਵਲ ਗੁਰਮਤਿ ਅਸੂਲਾਂ ਦੀ ਕਸੌਟੀ ਅਨੁਸਾਰ 'ਬੇਦੀਨ' ਪਦ ਦੀ ਹੈਸੀਅਤ ਨੂੰ ਪਰਖਣਾ ਹੈ, ਨਾ ਕਿ ਅਨਮਤਾਂ ਦੀ ਆਪੋ ਆਪਣੀ ਅਵਸਥਾ ਅਨੁਸਾਰ। ਗੁਰਮਤਿ ਅਸੂਲਾਂ ਦੀ ਰੋਸ਼ਨੀ ਦੇ ਸਾਹਮਣੇ (ਕੇਵਲ ਗੁਰਮਤਿ ਹੀ ਇਕੋ ਸੱਚਾ ਅਤੇ ਸਦੀਵੀ ਧਰਮ ਹੈ) ਗੁਰਮਤਿ ਧਰਮ (ਦੀਨ ਮਜ਼ਹਬ) ਤੋਂ ਬਿਨਾਂ ਜਿਤਨੇ ਭੀ ਹੋਰ ਮਤ-ਮਤਾਂਤਰ ਹਨ, ਸਾਡੇ ਵਾਸਤੇ ਇਸ ਵਰਤਮਾਨ ਕਾਲ ਵਿਖੇ (ਫੀ ਜ਼ਮਾਨਾ) "ਏਕੋ ਧਰਮੁ ਦ੍ਰਿੜੈ ਸਚੁ ਕੋਈ ॥ ਗੁਰਮਤਿ ਪੂਰਾ ਜੁਗਿ ਜੁਗਿ ਸੋਈ ॥" ਗੁਰਵਾਕ ਦਸਦਾ ਹੈ ਕਿ ਏਕੋ ਗੁਰਮਤਿ ਧਰਮ ਹੀ ਸੱਚਾ ਹੈ ਅਤੇ ਏਸੇ ਨੇ ਹੀ ਜੁਗਾਂ-ਜੁਗਾਂਤਰਾਂ ਤਾਈਂ ਪੂਰਾ ਉਤਰਨਾ ਹੈ।

["ਗੁਰਮਤਿ ਬਿਬੇਕ" ਪੁਸਤਕ ਵਿਚੋਂ

# ਸੰਪਾਦਕੀ ਨੋਟ

ਇਹ ਨੋਟ ਹਰ ਅੰਮ੍ਰਿਤਧਾਰੀ ਦੀ ਜਾਣਕਾਰੀ ਲਈ ਦਿੱਤਾ ਜਾਂਦਾ ਹੈ ਕਿ ਜਿਹੜਾ ਪ੍ਰਾਣੀ ਬੱਜਰ ਕੁਰਹਿਤ ਕਰ ਕੇ ਪਤਿਤ ਹੋ ਗਿਆ ਹੋਵੇ ਉਹ ਨਾ ਲੰਗਰ ਤਿਆਰ ਕਰ ਸਕਦਾ ਹੈ, ਨਾ ਲੰਗਰ ਵਰਤਾ ਸਕਦਾ ਹੈ, ਨਾ ਦੇਗ ਤਿਆਰ ਕਰ ਅਥਵਾ ਵਰਤਾ ਸਕਦਾ ਹੈ, ਨਾ ਹੀ ਸੰਗਤ ਵਿਚ ਕੀਰਤਨ ਕਰ ਸਕਦਾ ਹੈ ਅਤੇ ਨਾ ਹੀ ਅਖੰਡਪਾਠ ਵਿਚ ਰੋਲ ਲਾ ਸਕਦਾ ਹੈ। ਪਰ ਜੇ ਉਹ ਪੰਚਾਂ ਦੇ ਪੇਸ਼ ਹੋ ਕੇ ਤਨਖ਼ਾਹ ਲਗਵਾ ਕੇ ਮੁੜ ਅੰਮ੍ਰਿਤ ਛਕ ਲਵੇ ਤਾਂ ਉਪਰਲੀਆਂ ਸਭ ਸੇਵਾਵਾਂ ਵਿਚ ਆਪਣਾ ਯੋਗ ਦਾਨ ਪਾ ਸਕਦਾ ਹੈ, ਬਸ਼ਰਤੇ ਕਿ ਪੰਚਾਂ ਵਲੋਂ ਇਹ ਨਾ ਕਿਹਾ ਗਿਆ ਹੋਵੇ ਕਿ ਤਨਖ਼ਾਹ ਪੂਰੀ ਕਰਨ ਤੋਂ ਬਾਅਦ ਹੀ ਉਪਰਲੀਆਂ ਸੇਵਾਵਾਂ ਵਿਚ ਹਿੱਸਾ ਪਾਇਆ ਜਾ ਸਕਦਾ ਹੈ।

www.AKJ.Org

# ਚਰਨ ਕਮਲ ਕੀ ਮਉਜ਼ (੬)

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

(ਲੜੀ ਜੋੜਨ ਲਈ ਵੇਖੋ 'ਸੂਰਾ' ਸਤੰਬਰ ੧੯੯੯)

**ਨਾਮ ਸਿਮਰਨ ਤੇ ਚਰਨ ਕੰਵਲ—**

ਗੁਰਮਤਿ ਨਾਮ ਦੇ ਸਿਮਰਨ ਦੁਆਰਾ ਸਾਰੇ ਹੀ ਕਲੇਸ਼ ਮਿਟ ਜਾਂਦੇ ਹਨ ਅਤੇ ਸਾਰਿਆਂ ਨਾਲੋਂ ਵਡੀ ਗੱਲ ਇਹ ਹੈ ਕਿ ਏਸ ਸਿਮਰਨ ਦੁਆਰਾ ਵਾਹਿਗੁਰੂ ਦੇ ਚਰਨ-ਕੰਵਲਾਂ ਦਾ ਮਨ ਵਿਖੇ ਪਰਵੇਸ਼ ਹੋ ਜਾਂਦਾ ਹੈ। ਨਾਮ ਸਿਮਰਨ ਦੁਆਰਾ ਘਟ ਅੰਤਰ ਰਸ-ਜੋਤਿ-ਕਿਰਣ ਦਾ ਭੇਅਤ (ਸੰਚਰ ਜਾਣਾ) ਹੋ ਜਾਣਾ, ਇਹ ਰਿਦੰਤਰ ਚਰਨ ਕੰਵਲਾਂ ਦਾ ਪਰਵੇਸ਼ ਹੋਣਾ ਹੈ ਅਤੇ ਰਸ-ਜੋਤਿ-ਕਿਰਣ ਪਰਜੁਅਲਤ ਹੋਣ ਪਸਚਾਤ ਸਿਮਰਨ-ਕਲਾ ਦਹਿ-ਦੂਣੀ ਰਸ-ਰਵਸ਼ ਵਿਚ ਜਾਰੀ ਹੋ ਜਾਂਦੀ ਹੈ ਅਤੇ ਸੁਤੇ ਸੁਭਾਵ ਨਿਰਯਤਨ ਹੀ ਜਾਰੀ ਰਹਿੰਦੀ ਹੈ। ਜਿਉਂ ਜਿਉਂ ਇਸ ਸਿਮਰਨ-ਰਸ ਵਿਚ ਗੁਰਮਤਿ ਨਾਮ ਦਾ ਉਚਾਰਨ ਹੁੰਦਾ ਹੈ, ਤਿਉਂ ਤਿਉਂ ਅੰਮ੍ਰਿਤ ਰਸ ਦੇ ਗਟਾਕ ਅੰਤਰਿ ਆਤਮੇ ਭੁੰਚੀਦੇ ਹਨ ਅਤੇ ਚਰਨ ਕੰਵਲਾਂ ਦੀ ਮਉਜ ਦਾ ਆਨੰਦ ਰਸ ਮਾਣੀਦਾ ਹੈ, ਲਖ ਲਖ ਬਾਰ ਗੁਰਮਤਿ ਨਾਮ ਦਾ ਉਚਾਰਨ ਕਰਿ ਕਰਿ ਲਖ ਲਖ ਗੁਣਾ ਅੰਮ੍ਰਿਤ ਰਸ ਗਟਾਕਾਂ ਦਾ ਸੁਆਦ ਬਿਸਮਾਦ ਅਹਿਲਾਦੀਦਾ (ਅਨੰਦ ਲਈਦਾ) ਹੈ ਅਤੇ ਸੂਖ ਸਹਿਜ ਰਸ ਮਹਾਂ ਆਨੰਦ ਵਿਚ ਸਮਾਈ ਹੋ ਜਾਂਦੀ ਹੈ। ਐਸੀ ਹੈ ਚਰਨ ਕੰਵਲ ਦੀ ਮਹਿਮਾ ਮਹਾਣੀ ਮਉਜ। ਅਜਿਹੀ ਮਹਾਂ ਅਨੰਦੀ ਬਿਸਮਾਦ ਰਸ ਰਸਾਣੀ ਚਰਨ ਕਮਲਾਣੀ ਮਉਜ ਵਿਖੇ ਸਮਾਈ ਹੋ ਜਾਣ ਪਰ ਭੀ ਮਹਾਂ ਅਨੰਦੀ ਜਨ ਪਰਮਾਨੰਦ ਨੂੰ ਜਪ ਜਪ ਕੇ ਹੀ ਜੀਵੰਦੇ ਹਨ। ਯਥਾ ਗੁਰਵਾਕ—

ਹਰਿ ਸਿਮਰਤ ਸਭਿ ਮਿਟਹਿ ਕਲੇਸ ॥ ਚਰਣ ਕਮਲ ਮਨ ਮਹਿ ਪਰਵੇਸ ॥੧॥
ਉਚਰਹੁ ਰਾਮ ਨਾਮੁ ਲਖ ਬਾਰੀ ॥ ਅੰਮ੍ਰਿਤ ਰਸੁ ਪੀਵਹੁ ਪ੍ਰਭ ਪਿਆਰੀ ॥੧॥ਰਹਾਉ॥
ਸੂਖ ਸਹਜ ਰਸ ਮਹਾ ਅਨੰਦਾ ॥ ਜਪਿ ਜਪਿ ਜੀਵੇ ਪਰਮਾਨੰਦਾ ॥੨॥੭੫॥੧੪੪॥

[ਗਉੜੀ ਮਹਲਾ ੫, ਪੰਨਾ ੧੯੪

ਚਰਨ ਕੰਵਲ ਦੇ ਰਿਦੰਤਰੀ ਆਧਾਰ ਆਸਰੇ ਪ੍ਰਥਾਇ ਅਨੇਕਾਂ ਗੁਰਵਾਕ ਹਨ। ਕੁਛ ਕੁ ਅਗੇ ਲਿਖੇ ਜਾਂਦੇ ਹਨ :—

ਚਰਨ ਕਮਲ ਹਿਰਦੈ ਉਰਧਾਰੀ ॥ ਮਨ ਤਨ ਧਨ ਗੁਰ ਪ੍ਰਾਨ ਅਧਾਰੀ ॥੨॥੨੭॥੧੩੯॥

[ਗਉੜੀ ਮਹਲਾ ੫, ਪੰਨਾ ੧੯੩

ਚਰਣ ਕਮਲ ਕਾ ਆਸਰਾ ਦੂਜਾ ਨਾਹੀ ਠਾਉ ॥ ਮੈ ਧਰ ਤੇਰੀ ਪਾਰਬ੍ਰਹਮ ਤੇਰੈ ਤਾਣਿ ਰਹਾਉ ॥੩॥੮੨॥

[ਸਿਰੀ ਰਾਗੁ ਮਹਲਾ ੫, ਪੰਨਾ ੪੬

ਚਰਣ ਕਮਲ ਕਰਿ ਬੋਹਿਥੁ ਕਰਤੇ ਸਹਸਾ ਦੂਖੁ ਨ ਬਿਆਪੈ ॥ [ਸਿਰੀ ਰਾਗੁ ਮ: ੫, ਛੰਤ, ਪੰਨਾ ੪੬

ਸੋਈ ਸਾਸਤੁ ਸਉਣੁ ਸੋਇ ਜਿਤੁ ਜਪੀਐ ਹਰਿ ਨਾਉ ॥
ਚਰਨ ਕਵਲੁ ਗੁਰਿ ਧਨੁ ਦੀਆ ਮਿਲਿਆ ਨਿਥਾਵੇ ਥਾਉ॥੧॥੧੮॥੮੮॥ [ਸਿਰੀ ਰਾਗੁ ਮ: ੫, ਪੰਨਾ ੪੮

ਇਸ ਗੁਰਵਾਕ ਵਿਖੇ ਨਾਮ ਰੂਪ ਧਨ ਅਤੇ ਚਰਨ ਕੰਵਲ ਰੂਪੀ ਧਨ ਸਮਾਨ ਅਰਥਾਂ ਵਿਚ ਹੀ ਦ੍ਰਿਸ਼ਟਾ-ਇਆ ਗਿਆ ਹੈ। ਹੈ ਭੀ ਸਮਾਨ ਹੀ। ਯਥਾ ਗੁਰਵਾਕ :—

ਚਰਣ ਕਮਲ ਜਨ ਕਾ ਆਧਾਰੋ ॥ ਆਠ ਪਹਰ ਰਾਮ ਨਾਮੁ ਵਾਪਾਰੋ ॥੪॥੨੬॥੪੩॥

[ਮਾਝ ਮਹਲਾ ੫, ਪੰਨਾ ੧੦੭

ਗੁਰਮਤਿ ਨਾਮ ਦੇ ਸਿਮਰਨ ਦੁਆਰਾ ਰਿਦ ਜੋਤਿ ਪ੍ਰਕਾਸ਼ੀ-ਰਸ-ਤਾਰ ਜੋ ਅੰਦਰ ਬਝਦੀ ਹੈ, ਓਹ ਕਰਨ ਕੰਵਲਾਂ ਦਾ ਰਿਦੰਤਰ ਉਦੇ ਹੋਣਾ ਹੈ। ਇਹ ਰਸਕ-ਰਸਾਲੂ ਚਰਨ ਕੰਵਲ ਅਭਿਆਸੀ ਜਨ ਦਾ ਆਧਾਰ,



www.AKJ.Org

ਅਤਸੈ ਕਰਕੇ ਆਧਾਰ ਰੂਪ ਹੋ ਜਾਂਦੇ ਹਨ ਅਤੇ ਇਸ ਅਗਾਧ ਰਸ ਪ੍ਰਾਇਣ ਹੋ ਕੇ ਰਸ-ਪ੍ਰਾਇਣੀ ਜਨ ਅੱਠੇ ਪਹਿਰ ਗੁਰਮਤਿ ਨਾਮ ਜਾਪ ਦਾ ਵਾਪਾਰ (ਅਭਿਆਸ ਕਮਾਈ) ਹੀ ਕਰਦੇ ਰਹਿੰਦੇ ਹਨ। ਜਿਉਂ ਜਿਉਂ ਕਰਦੇ ਹਨ ਤਿਉਂ ਤਿਉਂ ਹੋਰ ਤੋਂ ਹੋਰ ਰਸ ਓਹਨਾਂ ਨੂੰ ਆਉਂਦਾ ਹੈ ਅਤੇ ਹੋਰ ਵਧੇਰੇ ਮਉਜ ਚਰਨ ਕੰਵਲਾਂ ਵਿਚ ਸਮਾਉਣ ਦੀ ਬੱਝਦੀ ਹੈ ਅਤੇ ਸਦਾ ਬੱਝੀ ਰਹਿੰਦੀ ਹੈ–

ਚਰਣ ਕਮਲ ਠਾਕੁਰ ਉਰਿ ਧਾਰਿ ॥ ਦੁਲਭ ਦੇਹ ਨਾਨਕ ਨਿਸਤਾਰਿ ॥੪॥੫੧॥੧੨੦॥

[ਗਉੜੀ ਮਹਲਾ ੫, ਪੰਨਾ ੧੯੦

ਚਰਣ ਕਮਲ ਪ੍ਰਭ ਰਿਦੈ ਨਿਵਾਸੁ ॥ ਸਗਲ ਦੂਖ ਕਾ ਹੋਇਆ ਨਾਸ ॥੨॥੮੫॥੧੫੪॥

[ਗਉੜੀ ਮਹਲਾ ੫, ਪੰਨਾ ੧੯੭

ਚਰਨ ਠਾਕੁਰ ਕੇ ਰਿਦੈ ਸਮਾਣੇ ॥ ਕਲਿ ਕਲੇਸ ਸਭਿ ਦੂਰ ਪਇਆਣੇ ॥੧॥੩੧॥੩੮॥

[ਮਾਝ ਮਹਲਾ ੫, ਪੰਨਾ ੧੦੫

ਚਰਨ ਕਮਲ ਅਰਾਧਿ ਭਗਵੰਤਾ ॥ ਹਰਿ ਸਿਮਰਨ ਤੇ ਮਿਟੀ ਮੇਰੀ ਚਿੰਤਾ ॥੨॥੫੦॥੧੧੯॥

[ਗਉੜੀ ਮਹਲਾ ੫, ਪੰਨਾ ੧੮੯

ਇਸ ਗੁਰਵਾਕ ਅੰਦਰ ਭੀ ਗੁਰਮਤਿ ਨਾਮ ਦਾ ਸਿਮਰਨ ਅਤੇ ਚਰਨ ਕੰਵਲਾਂ ਦਾ ਆਰਾਧਨ, ਸਮਾਨ ਅਰਥਾਂ ਵਿਚ ਹੀ ਦਰਸਾਇਆ ਗਿਆ ਹੈ। ਇਸ ਬਿਧ ਗੁਰਮਤਿ ਨਾਮ ਦੀ ਅਭਿਆਸ ਕਮਾਈ ਦੁਆਰਾ ਜਿਨ੍ਹਾਂ ਦੀ ਪ੍ਰੀਤਿ ਚਰਨ ਕੰਵਲ ਸੰਗ ਲਗ ਗਈ ਹੈ, ਓਹਨਾਂ ਨੂੰ ਦੂਜੇ ਹੋਰ ਸੁਖ ਸਭ ਹੇਚ ਪ੍ਰਤੀਤ ਹੁੰਦੇ ਹਨ। ਓਹਨਾਂ ਦਾ ਸਦਾ ਸਦਾ ਗੁਰਮਤਿ ਨਾਮ ਨੂੰ ਸਿਮਰਨਾ ਚਰਨ ਕੰਵਲਾਂ ਦੀ ਪ੍ਰੇਮ-ਲਿਵ ਡੋਰੀ ਨਾਲ ਹੀ ਝੂਟਣਾ ਹੈ। ਯਥਾ ਗੁਰਵਾਕ :–

ਚਰਨ ਕਮਲ ਸਿਉ ਲਾਗੀ ਪ੍ਰੀਤਿ ॥ ਆਨ ਸੁਖਾ ਨਹੀ ਆਵਹਿ ਚੀਤਿ ॥੩॥
ਸਦਾ ਸਦਾ ਸਿਮਰਉ ਪ੍ਰਭ ਸੁਆਮੀ ॥ ਮਿਲੁ ਨਾਨਕ ਹਰਿ ਅੰਤਰਜਾਮੀ ॥੪॥੮੨॥੧੫੧॥

[ਗਉੜੀ ਮਹਲਾ ੫, ਪੰਨਾ ੧੯੬

ਚਰਨ ਕੰਵਲਾਂ ਦੀ ਪ੍ਰੀਤ ਵਾਲਿਆਂ ਦਾ ਅੰਤਰਜਾਮੀ ਅਕਾਲ ਪੁਰਖ ਨਾਲ ਹੀ ਮੇਲਾ ਹੋ ਜਾਂਦਾ ਹੈ। ਇਸ ਮਉਜ ਮੇਲੇ ਦੇ ਆਨੰਦੀ ਹੋ ਕੇ ਭੀ ਓਹ ਪਾਰਬ੍ਰਹਮ ਪ੍ਰਮੇਸ਼ਰ ਦੇ ਚਰਨਾਂ ਕੰਵਲਾਂ ਨੂੰ ਭਜਦੇ ਆਰਾਧਦੇ ਹੀ ਰਹਿੰਦੇ ਹਨ। ਯਥਾ ਗੁਰਵਾਕ :

ਮਨੁ ਤਨੁ ਨਿਰਮਲੁ ਹੋਇਆ ਲਾਗੀ ਸਾਚੁ ਪਰੀਤਿ ॥
ਚਰਣ ਭਜੇ ਪਾਰਬ੍ਰਹਮ ਕੇ ਸਭਿ ਜਪ ਤਪ ਤਿਨ ਹੀ ਕੀਤ ॥੩॥੧੭॥੮੭॥

[ਸਿਰੀ ਰਾਗੁ ਮਹਲਾ ੫, ਪੰਨਾ ੪੮

ਓਹਨਾਂ ਨੂੰ ਹੋਰ ਆਨ ਮਤਾਂ ਦੇ ਜਪ ਤਪ ਕਰਨ ਦੀ ਲੋੜ ਨਹੀਂ ਰਹਿੰਦੀ। ਜਿਨ੍ਹਾਂ ਨੂੰ ਸਤਿਗੁਰੂ ਨੇ ਅਕਾਲ ਪੁਰਖ ਦੇ ਚਰਨ ਕੰਵਲਾਂ ਦੀ ਸੱਚੀ ਓਟ ਦਿਤੀ ਹੈ, ਓਹਨਾਂ ਦੀ ਸਾਰੇ ਹੀ ਬੰਧਨਾਂ ਤੋਂ ਬੰਦ-ਖਲਾਸੀ ਹੋ ਗਈ ਹੈ। ਚਰਨ ਕੰਵਲਾਂ ਦੇ ਰਿਦੇ ਉਦੋਤ ਹੋਣ ਕਰਿ ਹੀ ਸੱਚੀ ਪ੍ਰੀਤਿ-ਪ੍ਰਤੀਤ ਅੰਤਰ ਬਝਦੀ ਹੈ। ਅਜਿਹੀ ਪਤਿ ਪ੍ਰਤੀਤ ਵਾਲੇ ਜਨ ਨਿਤ ਨੀਤ ਨਿਰਮਲ ਅੰਮ੍ਰਿਤ-ਰਸ ਪੀਵੰਦੇ ਹਨ। ਯਥਾ ਗੁਰਵਾਕ :–

ਕਰਿ ਕਿਰਪਾ ਪ੍ਰਭ ਬੰਧਨ ਛੋਟ ॥ ਚਰਣ ਕਮਲ ਕੀ ਦੀਨੀ ਓਟ ॥੩॥
ਕਹੁ ਨਾਨਕ ਮਨਿ ਭਈ ਪਰਤੀਤ ॥ ਨਿਰਮਲ ਜਲ ਪੀਵਹਿ ਨਿਤ ਨੀਤਿ ॥੪॥੭੩॥੧੪੨॥

[ਗਉੜੀ ਮਹਲਾ ੫, ਪੰਨਾ ੧੯੪

ਏਸ ਚਰਨ ਕੰਵਲਾਗੀ ਪ੍ਰਤੀਤ ਬਿਨਾਂ ਸਗਲੀ ਲੁਕਾਈ ਮੁਠਿ ਮੁਹਾਈ, ਆਵਾਗਉਣ ਦੇ ਚੱਕਰ ਵਿਚ ਚਲਾਈ ਬੱਧੀ ਚਲੀ ਜਾਂਦੀ ਹੈ। ਯਥਾ ਗੁਰਵਾਕ :–



www.AKJ.Org

ਚਰਨ ਕਮਲ ਭਗਤਾ ਮਨਿ ਵੁਠੇ ॥ ਵਿਣੁ ਪਰਮੇਸਰ ਸਗਲ ਮੁਠੇ ॥
ਸੰਤ ਜਨਾ ਕੀ ਧੂੜਿ ਨਿਤ ਬਾਂਛਹਿ ਨਾਮੁ ਸਚੇ ਕਾ ਗਹਿਣਾ ॥੩॥੪੩॥੫੦॥ [ਮਾਝ ਮ: ੫, ਪੰਨਾ ੧੦੯

ਐਸਾ ਨਾਮ ਗਹਿਣਾ ਹੈ ਸਚੇ ਵਾਹਿਗੁਰੂ ਦਾ, ਜੋ ਭਗਤ ਜਨਾਂ ਦੇ ਰਿਦੰਤਰ ਸਦਾ ਹੀ ਪਹਿਨਿਆ ਰਹਿੰਦਾ ਹੈ; ਜਿਸ ਪਾਰਸ-ਪ੍ਰਭਾਵੀ-ਪ੍ਰਤਾਪ ਕਰਕੇ ਵਾਹਿਗੁਰੂ ਦੇ ਚਰਨ ਕੰਵਲ ਭਗਤ ਜਨਾਂ ਦੇ ਘਟ ਅੰਦਰ ਆਣ ਵੁਠਦੇ ਹਨ।

ਜਿਨ੍ਹਾਂ ਗੁਰਮੁਖਿ ਅਭਿਆਸੀ ਜਨਾਂ ਦੇ ਹਿਰਦੇ ਗੁਰਮਤਿ ਨਾਮ ਰੂਪ ਰਾਮ ਰਸਾਇਣ ਨਾਲ ਗੁੱਝੇ (ਗੁੱਧੇ) ਗਏ ਹਨ ਅਤੇ ਇਸ ਰਾਮ-ਰਸਾਇਣੀ ਪਾਰਸ ਨਾਲ ਪਰਸ ਕੇ ਜੋ ਜਨ ਪਾਰਸ ਰੂਪ ਹੋ ਗਏ ਹਨ, ਉਹ ਵਡਭਾਗੇ ਜਨ ਖਿਨ ਖਿਨ ਚਰਨ ਕੰਵਲ ਪ੍ਰੇਮ-ਭਗਤੀ-ਬੀਧੇ (ਬਿਧੇ) ਰਹਿੰਦੇ ਹਨ। ਉਹਨਾਂ ਨੂੰ ਹੋਰ ਰਸ ਕਸ ਇਸ ਰਸਕ ਰਸਾਇਣੀ ਮਹਾਂ ਰਸ ਬਿਨਾਂ ਸਭ ਛਾਰ ਪਰਤੀਤ ਹੁੰਦੇ ਤੇ ਛਾਰ ਹੀ ਦਿਸਦੇ ਹਨ। ਸਾਰਾ ਸੰਸਾਰ ਨਾਮ ਬਿਨਾਂ ਨਿਹਫਲ ਹੀ ਨਜ਼ਰੀਂ ਆਉਂਦਾ ਹੈ। ਯਥਾ ਗੁਰਵਾਕ :–

ਰਾਮ ਰਸਾਇਣਿ ਜੋ ਜਨ ਗੀਧੇ ॥ ਚਰਨ ਕਮਲ ਪ੍ਰੇਮ ਭਗਤੀ ਬੀਧੇ ॥੧॥ਰਹਾਉ॥
ਆਨ ਰਸਾ ਦੀਸਹਿ ਸਭਿ ਛਾਰੁ ॥ ਨਾਮ ਬਿਨਾ ਨਿਹਫਲ ਸੰਸਾਰ ॥੧॥੯੪॥੧੬੩॥
[ਗਉੜੀ ਮਹਲਾ ੫, ਪੰਨਾ ੧੯੮

ਜਿਨ੍ਹਾਂ ਦੇ ਮਨ ਤਨ ਵਿਖੇ ਚਰਨ ਕੰਵਲ ਵਸ ਗਏ ਹਨ, ਓਹ ਅੰਤਰ ਆਤਮੇ ਦਰਸ਼ਨ ਦੇਖਿ ਦੇਖਿ ਨਿਹਾਲ ਨਿਹਾਲ ਹੋ ਹੋ ਜਾਂਦੇ ਹਨ। ਯਥਾ ਗੁਰਵਾਕ :–

ਚਰਨ ਕਮਲ ਮਨਿ ਤਨਿ ਬਸੇ ਦਰਸਨੁ ਦੇਖਿ ਨਿਹਾਲੁ ॥੬॥ [ਗਉੜੀ ਥਿਤੀ ਮਹਲਾ ੫, ਪੰਨਾ ੨੯੮

ਓਹਨਾਂ ਦਾ–ਚਰਨ ਪਿਆਸੀ ਦਰਸ ਬੈਰਾਗਨਿ ਪੇਖਉ ਥਾਨ ਸਬਾਏ ॥੩॥੫॥੧੧॥
[ਗਉੜੀ ਮਹਲਾ ੫, ਪੰਨਾ ੨੪੯

ਵਾਲਾ ਟੋਲ ਸੁਹਾਵਣਾ ਹੋ ਜਾਂਦਾ ਹੈ। ਗੁਰੂ ਘਰ ਦੇ ਅਜਿਹੇ ਅਨੇਕਾਂ ਹੀ ਭਗਤ ਜਨ ਹਨ, ਹੁੰਦੇ ਆਏ ਹਨ ਅਤੇ ਹੁੰਦੇ ਰਹਿਣਗੇ, ਜੋ "ਦਰਸਨੁ ਦੇਖਿ ਨਿਹਾਲੁ" ਦੀ ਨਦਰ ਮਿਹਰ ਨਾਲ ਵਰੋਸਾਇ ਕੇ, ਪਰਤੱਖ ਸਨਮੁਖ ਦਰਸ਼ਨ ਦਿਦਾਰੇ ਕਰਦੇ ਹੋਏ, ਵਾਹਿਗੁਰੂ ਨੂੰ ਪੇਖਿ ਪੇਖਿ ਡੰਡਉਤ ਬੰਦਨਾ ਕਰਦੇ ਰਹਿੰਦੇ ਹਨ ਅਤੇ ਚਰਨ ਕੰਵਲਾਂ ਦਾ ਹਿਰਦੇ ਵਿਖੇ ਸਿਮਰਨ ਕਰਦੇ ਰਹਿੰਦੇ ਹਨ। ਸਚਖੰਡ ਜਾ ਕੇ ਤਾਂ ਭਗਤ-ਜਨਾਂ ਦਾ ਆਹਰ ਹੀ ਇਹੋ ਰਹਿੰਦਾ ਹੈ, ਐਥੇ ਭੀ ਇਹੋ ਹੀ। ਯਥਾ ਗੁਰਵਾਕ :–

ਅਨਿਕ ਭਗਤ ਬੰਦਨ ਨਿਤ ਕਰਹਿ ॥ ਚਰਨ ਕਮਲ ਹਿਰਦੈ ਸਿਮਰਹਿ ॥੫॥੧੮॥ [ਸੁਖਮਨੀ, ੨੮੭

ਆਨ ਰਸਾਂ ਤੋਂ ਸ਼ਿਰੋਮਣ ਨਾਮ ਮਹਾਂ ਰਸ ਹੀ ਹੈ ਅਤੇ ਭਗਤ ਜਨਾਂ ਨੂੰ ਏਹਨਾਂ ਸਭ ਆਨ ਰਸਾਂ ਦੇ ਉਪਰ ਦੀ ਸਿਰਕੱਢ, ਅੰਮ੍ਰਿਤ ਰਸ ਰਸਾਇਣੀ ਚਰਨ ਕੰਵਲਾਂ ਦਾ ਰਸ ਹੀ ਪਰਤੱਖ ਸੁਭਾਇਮਾਨ ਦਿਸਦਾ ਹੈ। ਤਾਂ ਤੇ ਅੰਮ੍ਰਿਤ-ਰਸਾਇਣੀ-ਚਰਨ ਹੀ ਸਭ ਤੋਂ ਉਪਰ ਦੀ ਬਿਰਾਜਦੇ ਹਨ। ਏਹਨਾਂ ਰਸ ਰੰਗਾਂ ਵਿਚ ਹੀ ਇਹ ਗੁਰਵਾਕ ਉਚਾਰਨ ਹੋਇਆ ਹੈ :–

ਚਰਣ ਬਿਰਾਜਿਤ ਸਭ ਊਪਰੇ ਮਿਟਿਆ ਸਗਲ ਕਲੇਸੁ ਜੀਉ ॥
ਆਵਣ ਜਾਵਣ ਦੁਖ ਹਰੇ ਹਰਿ ਭਗਤਿ ਕੀਆ ਪਰਵੇਸੁ ਜੀਉ ॥
ਹਰਿ ਰੰਗਿ ਰਾਤੇ ਸਹਜਿ ਮਾਤੇ ਤਿਲੁ ਨ ਮਨ ਤੇ ਬੀਸਰੈ ॥
ਤਜਿ ਆਪੁ ਸਰਣੀ ਪਰੇ ਚਰਨੀ ਸਰਬ ਗੁਣ ਜਗਦੀਸਰੈ ॥
ਗੋਵਿੰਦ ਗੁਣਨਿਧਿ ਸ੍ਰੀਰੰਗ ਸੁਆਮੀ ਆਦਿ ਕਉ ਆਦੇਸੁ ਜੀਉ ॥
ਬਿਨਵੰਤਿ ਨਾਨਕ ਮਇਆ ਧਾਰਹੁ ਜੁਗੁ ਜੁਗੋ ਇਕ ਵੇਸੁ ਜੀਉ ॥੮॥੧॥
ਰਾਮਕਲੀ ਮ: ੫, ਪੰਨਾ ੯੨੯



www.AKJ.Org

ਗੁਰਮੁਖ ਭਗਤ ਜਨ ਸਦਾ ਹੀ ਹਰਿ ਰੰਗ ਮਾਣਦੇ ਹੋਏ ਚਰਨ ਕੰਵਲ ਸਰਣਾਗਤਿ ਹੀ ਰਹਿੰਦੇ ਹਨ ਅਤੇ ਚਰਨ ਕੰਵਲਾਂ ਦੀ ਮਉਜ ਵਿਚ ਮੱਤੇ ਹੋਏ ਅਨੰਦ ਮੰਗਲ ਗੁਣ ਗਾਂਵਦੇ ਹਨ। ਯਥਾ ਗੁਰਵਾਕ :–

ਚਰਨ ਕਮਲ ਸਰਣਾਗਤੀ ਅਨੰਦ ਮੰਗਲ ਗੁਣ ਗਾਮ ॥
ਨਾਨਕ ਪ੍ਰਭ ਆਰਾਧੀਐ ਬਿਪਤ ਨਿਵਾਰਣ ਰਾਮ ॥ [ਰਾਮਕਲੀ ਮ: ੫ ਛੰਤ, ਪੰਨਾ ੯੨੬

ਬਿਪਤ-ਨਿਵਾਰਨ ਰਾਮ ਦੇ ਚਰਨ ਕੰਵਲ ਸਰਣਾਗਤਿ ਰਹਿਣਾ ਭਗਤ ਜਨਾਂ ਦਾ ਸੁਤੇ ਰਹਿਤ-ਰਹਿਣੀਆ ਆਂਵੇਸ਼ ਹੋ ਗਿਆ ਹੁੰਦਾ ਹੈ। ਚਰਨ ਕੰਵਲ ਦੀ ਮਉਜ ਮਾਨਣਹਾਰੇ ਗੁਰਮੁਖ ਭਗਤ ਜਨਾਂ ਨੂੰ ਚਰਨ ਕੰਵਲ ਦੀ ਮਉਜ ਦਾ ਆਧਾਰ ਹੀ ਮਾਲ ਮਿਲਖ ਭੰਡਾਰ ਹੈ। ਧਰਨੀਧਰ ਨਾਰਾਇਣ ਦਾ ਨਾਮ ਨਿਧਾਨ ਆਪਣੀ ਅਨੰਤ ਕਲਾ ਵਿਚ ਹੋ ਕੇ ਚਰਨ ਕੰਵਲ ਹੋਇ ਪ੍ਰਗਟਿਆ ਹੈ। ਜਿਨ੍ਹਾਂ ਨੂੰ ਇਹ ਨਾਮ ਨਰਹਰੀ, ਚਰਨ ਕੰਵਲਾਂ ਦਾ ਨਿਧਾਨ ਆਣ ਪਰਗਟ ਹੋਇਆ ਹੈ, ਉਹ ਇਕ ਨਾਰਾਇਣ ਦਾ ਹੀ ਰਸ ਭੋਗਦੇ ਹਨ ਅਤੇ ਚਰਨ ਕੰਵਲਾਂ ਦੇ ਧਿਆਉਣ ਕਰਕੇ, ਚਰਨ ਕੰਵਲਾਂ ਵਾਲੇ ਪ੍ਰੀਤਮ ਮਾਸ਼ੂਕ ਬੀਠਲੇ ਦੇ ਅਨੰਤ ਰਸ ਰੂਪ ਰੰਗ, ਪ੍ਰੇਮੀ ਆਸ਼ਕ ਜਨਾਂ ਨੂੰ ਦਿੱਬ ਲਤੀਫ਼ੀ ਸਰੂਪ ਵਿਚ ਸ਼ਗੁਫਤ ਹੋ ਕੇ ਅਨਿਕ ਭਾਂਤਿ ਕਰਿ ਸ਼ੈਫਤਾ ਫ਼ਰੇਫਤਾ ਕਰਦੇ ਹਨ, ਨਾਮ ਹੀ ਕਿਲਵਿਖ-ਹਰਨਾ, ਨਾਮ ਹੀ ਪੁਨਹਚਰਨਾ, ਨਾਮ ਹੀ ਜਮ ਕੀ ਤ੍ਰਾਸ-ਨਿਵਰਨਾ ਹੋ ਕੇ, ਚਰਨ ਕੰਵਲਾਰੀ ਰਾਸ ਬਣ ਕੇ ਭਗਤ ਜਨਾਂ ਨੂੰ ਪ੍ਰਗਟ ਹੋਇਆ ਹੈ। ਚਰਨ ਕੰਵਲਾਂ ਦਾ ਆਸਰਾ ਹੀ ਭਗਤ ਜਨਾਂ ਦੀ ਸੱਚੀ ਰਾਸ ਹੈ। ਜੈਸਾ ਕਿ ਅਗਲੇ ਗੁਰਵਾਕ ਦਾ ਭਾਵ ਹੈ :–

ਚਰਨ ਕਮਲ ਆਧਾਰੁ ਜਨ ਕਾ ਆਸਰਾ ॥ ਮਾਲੁ ਮਿਲਖ ਭੰਡਾਰ ਨਾਮੁ ਅਨੰਤ ਧਰਾ ॥
ਨਾਮੁ ਨਰਹਰ ਨਿਧਾਨੁ ਜਿਨ ਕੈ ਰਸ ਭੋਗ ਏਕ ਨਰਾਇਣਾ ॥ ਰਸ ਰੂਪ ਰੰਗ ਅਨੰਤ ਬੀਠਲ
ਸਾਸਿ ਸਾਸਿ ਧਿਆਇਣਾ ॥ ਕਿਲਵਿਖ ਹਰਣਾ ਨਾਮ ਪੁਨਹਚਰਣਾ ਨਾਮੁ ਜਮ ਕੀ ਤ੍ਰਾਸ ਹਰਾ ॥
ਬਿਨਵੰਤਿ ਨਾਨਕ ਰਾਸਿ ਜਨ ਕੀ ਚਰਨ ਕਮਲਹ ਆਸਰਾ ॥੨॥ [ਰਾਮਕਲੀ ਮ: ੫ ਛੰਤ, ਪੰਨਾ ੯੨੫

ਜਿਨ੍ਹਾਂ ਸੰਤ ਜਨਾਂ, ਗੁਰਮੁਖਿ ਸਿਖ ਭਗਤਾਂ ਦਾ ਚਰਨ ਕੰਵਲ ਸੰਗ ਧਿਆਨ ਲਗ ਗਿਆ ਹੈ, ਓਹ ਸੱਚੇ ਵਾਹਿਗੁਰੂ ਦੇ ਦਰਸ ਵਿਚ ਸਮਾ ਗਏ ਹਨ। ਉਹ ਵਡਭਾਗੇ ਜਨ ਦਰਸ ਵਿਚ ਸਮਾ ਕੇ–

ਬਿਸਮੁ ਪੇਖੈ ਬਿਸਮੁ ਸੁਣੀਐ ਬਿਸਮਾਦੁ ਨਦਰੀ ਆਇਆ ॥੪॥੨॥ [ਸੂਹੀ ਮਹਲਾ ੫ ਛੰਤ, ਪੰਨਾ ੭੭੮

ਦਾ ਪਰਤੱਖ ਨਜ਼ਾਰਾ ਦੇਖ ਕੇ ਭੀ ਬਿਸਮ ਰੰਗਾਂ ਵਿਚ ਰੰਗੇ ਹੋਏ ਗੁਣੀ ਵਾਹਿਗੁਰੂ ਦੇ ਗੁਣ ਗਾਂਵਦੇ ਹਨ ਅਤੇ ਗੁਣ ਗਾਇ ਗਾਇ ਕੇ ਨਿਹਾਲ ਹੁੰਦੇ ਹਨ ਅਤੇ ਫੇਰ ਭੀ ਇਸ ਤੋਂ ਵਧ. ਸਿਮਰਨ ਕਮਾਈ ਕਰਿ ਕਰਿ ਤ੍ਰਿਪਤ ਅਘਾਵੰਦੇ ਹਨ। ਯਥਾ ਗੁਰਵਾਕ :–

ਚਰਨ ਕਮਲ ਜਿਤੁ ਲਾਗੋ ਧਿਆਨਾ ਸਾਚੈ ਦਰਸਿ ਸਮਾਈ ਸੰਤਹੁ ॥੩॥
ਗੁਣ ਗਾਵਤ ਗਾਵਤ ਭਏ ਨਿਹਾਲਾ ਹਰਿ ਸਿਮਰਤ ਤ੍ਰਿਪਤਿ ਅਘਾਈ ਸੰਤਹੁ ॥੪॥
[ਰਾਮਕਲੀ ਮ: ੫, ਪੰਨਾ ੯੧੬

ਭਗਤ ਜਨਾਂ ਦੀ ਪ੍ਰਮਾਰਥੀ ਲੀਲ੍ਹਾ ਪ੍ਰਿਥਮ ਭੀ ਗੁਣ ਗਾਵਣ ਅਤੇ ਨਾਮ ਅਭਿਆਸ ਜਾਪ ਕਮਾਈ ਕਮਾਵਣ ਤੋਂ ਅਰੰਭ ਹੁੰਦੀ ਹੈ ਅਤੇ ਸਾਰੀ ਆਵਰਦਾ ਏਵੇਂ ਹੀ ਨਿਭੀ ਰਹਿੰਦੀ ਹੈ ਅਤੇ ਅੰਤੀ ਗੁਣ ਗਾਵਣ ਨਾਮ ਧਿਆਵਣ ਵਿਚ ਹੀ ਸਮਾਪਤ ਹੋਇ ਸਮਾਉਂਦੀ ਹੈ। ਪ੍ਰਿਥਮ ਆਰੰਭੇ ਨਿਤਾਪ੍ਰਤਿ ਗੁਣ ਗਾਵਣ, ਨਾਮ ਧਿਆਵਣ ਨਾਲ ਹੀ ਪਰਮ ਸੁਖ ਦੀ ਪ੍ਰਾਪਤੀ ਹੁੰਦੀ ਹੈ ਅਤੇ ਆਵਾਗਵਣ ਦੇ ਗੇੜ ਦੀ ਸਮਾਪਤੀ ਹੁੰਦੀ ਹੈ। ਨਾਮ ਧਿਆਵਣ ਗੁਣ ਗਾਵਣ ਕਰਿ ਹੀ ਘਟ ਅੰਤਰਿ ਜੋਤਿ ਦਾ ਪ੍ਰਕਾਸ਼ ਹੁੰਦਾ ਹੈ ਅਤੇ ਵਾਹਿਗੁਰੂ ਦੇ ਚਰਨ ਕੰਵਲਾਂ ਵਿਚ ਨਿਵਾਸ ਹੁੰਦਾ ਹੈ ਅਤੇ ਸਤਿਸੰਗਤ ਵਿਚ ਉਧਾਰ ਹੋ ਕੇ ਭਵਜਲੋਂ ਪਾਰ ਉਤਰ ਜਾਈਦਾ ਹੈ। ਸੋਈ ਇਸ ਅਗਲੇਰੇ ਗੁਰਵਾਕ ਦਾ ਭਾਵ ਹੈ :–



www.AKJ.Org

ਗਾਵਹੁ ਰਾਮ ਕੇ ਗੁਣ ਗੀਤ ॥ ਨਾਮੁ ਜਪਤ ਪਰਮ ਸੁਖੁ ਪਾਈਐ ਆਵਾਗਉਣੁ ਮਿਟੈ ਮੇਰੇ ਮੀਤ॥੧॥ਰਹਾਉ॥
ਗੁਣ ਗਾਵਤ ਹੋਵਤ ਪਰਗਾਸੁ ॥ ਚਰਨ ਕਮਲ ਮਹਿ ਹੋਇ ਨਿਵਾਸੁ ॥੧॥
ਸੰਤ ਸੰਗਤਿ ਮਹਿ ਹੋਇ ਉਧਾਰੁ ॥ ਨਾਨਕ ਭਵਜਲੁ ਉਤਰਸਿ ਪਾਰਿ ॥੨॥੧॥੫੭॥

[ਰਾਮਕਲੀ ਮਹਲਾ ੫, ਪੰਨਾ ੯੦੧

ਚਰਨ ਕੰਵਲਾਂ ਦੀ ਮਉਜ ਦੇ ਰੰਗ ਮਾਨਣ ਲਈ ਗੁਰਮੰਤਰ ਅਭਿਆਸ ਦੀ ਅਥਾਹ ਕਮਾਈ ਦੀ ਪ੍ਰਿਥਮ ਅਵੱਸ਼ ਲੋੜ ਹੈ। ਚਲਦੇ, ਬਹਿੰਦੇ, ਸਉਂਦੇ, ਜਾਗਦੇ ਗੁਰਮੰਤਰ-ਜਾਪ ਨੂੰ ਹਿਰਦੇ ਵਿਚ ਉਤਾਰ ਕੇ ਚਿਤਾਰੇ, ਨਾਮ ਨੂੰ ਹਿਰਦੇ ਅੰਦਰ ਧਾਰੇ, ਰੋਮਿ ਰੋਮਿ ਨਾਮ ਉਚਾਰੇ। ਐਸੀ ਪ੍ਰੀਤਿ ਰੀਤ ਨਾਲ ਚਰਨ ਕੰਵਲਾਂ ਦਾ ਅਰਾਧਨ ਕਰੇ ਕਿ ਮਨ ਤਨ ਹੀਅਰਾ ਹਰੀ ਸੰਗਿ ਹੀ ਲਾਇ ਛੋਡੇ ਅਤੇ ਅਵਰ ਸਭ ਕੁਛ ਵਿਸਾਰ ਦੇਵੇ, ਜੀਉ, ਮਨ, ਤਨ, ਪ੍ਰਾਣ, ਸਭ ਕੁਝ ਪ੍ਰਭੂ ਦਾ ਜਾਣ ਕੇ ਪ੍ਰਭੂ ਪ੍ਰਾਇਣ ਹੀ ਅਰਪਨ ਕਰਿ ਛਡੇ ਅਤੇ ਆਪਣਾ ਆਪ, ਆਪਾ ਭਾਵ ਸਭ ਨਿਵਾਰ ਦੇਵੇ। ਇਸ ਬਿਧ ਗੋਬਿੰਦ ਭਜਨ ਕਰਨ ਨਾਲ ਸਾਰੇ ਸੁਆਰਥ ਭੀ ਪੂਰੇ ਹੋ ਜਾਂਦੇ ਹਨ ਅਤੇ ਪ੍ਰਮਾਰਥ ਭੀ ਸੰਵਰ ਜਾਂਦਾ ਹੈ। ਫੇਰ ਕਦੇ ਉਸ ਪ੍ਰਾਣੀ ਨੂੰ ਈਹਾਂ ਊਹਾਂ ਹਾਰ ਨਹੀਂ ਹੁੰਦੀ ਅਤੇ ਸਦੀਵੀ ਸਤਿਸੰਗ ਦੇ ਰੰਗਾਂ ਵਿਚ ਹੀ ਭਜਨ ਕਰਨ ਨਾਲ ਵਾਹਿਗੁਰੂ ਦੀ ਚਰਨ ਸ਼ਰਨ ਨੂੰ ਭੀ ਪ੍ਰਾਪਤ ਹੋ ਜਾਈਦਾ ਹੈ ਅਤੇ ਭਵਸਾਗਰੋਂ ਭੀ ਪਾਰ ਉਤਰ ਜਾਈਦਾ ਹੈ। ਯਥਾ ਗੁਰਵਾਕ:—

ਚਲਤ ਬੈਸਤ ਸੋਵਤ ਜਾਗਤ ਗੁਰਮੰਤ੍ਰੁ ਰਿਦੈ ਚਿਤਾਰਿ ॥
ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ ॥੧॥
ਮੇਰੇ ਮਨ ਨਾਮੁ ਹਿਰਦੈ ਧਾਰਿ॥ਕਰਿ ਪ੍ਰੀਤਿ ਮਨੁ ਤਨੁ ਲਾਇ ਹਰਿ ਸਿਉ ਅਵਰ ਸਗਲ ਵਿਸਾਰਿ॥੧॥ਰਹਾਉ॥
ਜੀਉ ਮਨੁ ਤਨੁ ਪ੍ਰਾਣ ਪ੍ਰਭ ਕੇ ਤੂੰ ਆਪਨ ਆਪੁ ਨਿਵਾਰਿ ॥
ਗੋਵਿੰਦ ਭਜੁ ਸਭਿ ਸੁਆਰਥ ਪੂਰੇ ਨਾਨਕ ਕਬਹੁ ਨ ਹਾਰਿ ॥੨॥੪॥੨੭॥ [ਮਾਰੂ ਮ: ੫, ਪੰਨਾ ੧੦੦੭

ਤਥਾ—ਚਰਣ ਸਰਣ ਸਨਾਥ ਇਹੁ ਮਨੁ ਰੰਗਿ ਰਾਤੇ ਲਾਲ ॥
ਗੋਪਾਲ ਗੁਣ ਨਿਤ ਗਾਉ ਨਾਨਕ ਭਏ ਪ੍ਰਭ ਕਿਰਪਾਲ ॥੮॥੩॥ [ਮਾਰੂ ਮ: ੫, ਪੰਨਾ ੧੦੧੮

ਪੁਨਾ—ਚਰਣ ਕਮਲ ਉਰ ਅੰਤਰਿ ਧਾਰਹੁ ॥ ਬਿਖਿਆ ਬਨ ਤੇ ਜੀਉ ਉਧਾਰਹੁ ॥
ਕਰਣ ਪਲਾਹ ਮਿਟਹਿ ਬਿਲਲਾਟਾ ॥ ਜਪਿ ਗੋਬਿੰਦ ਭਰਮੁ ਭਉ ਫਾਟਾ ॥੧॥ [ਮਾਰੂ ਮ: ੫, ਪੰਨਾ ੧੦੦੪

ਪੁਨਾ—ਚਰਨ ਕਮਲ ਹਿਰਦੈ ਨਿਤ ਧਾਰੀ ॥ ਗੁਰ ਪੂਰਾ ਖਿਨੁ ਖਿਨੁ ਨਮਸਕਾਰੀ ॥
ਤਨੁ ਮਨੁ ਅਰਪਿ ਧਰੀ ਸਭੁ ਆਗੈ ਜਗ ਮਹਿ ਨਾਮੁ ਸੁਹਾਵਣਾ ॥ [ਮਾਰੂ ਮ: ੫, ਪੰਨਾ ੧੦੮੫

ਪੁਨਾ—ਰਸਨਾ ਗੁਣ ਗਾਵੈ ਹਰਿ ਤੇਰੇ ॥ ਮਿਟਹਿ ਕਮਾਤੇ ਅਵਗੁਣ ਮੇਰੇ ॥
ਸਿਮਰਿ ਸਿਮਰਿ ਸੁਆਮੀ ਮਨੁ ਜੀਵੈ ਪੰਚ ਦੂਤ ਤਜਿ ਤੰਗਨਾ ॥੪॥
ਚਰਨ ਕਮਲ ਜਪਿ ਬੋਹਿਥਿ ਚਰੀਐ ॥ ਸੰਤ ਸੰਗਿ ਮਿਲਿ ਸਾਗਰੁ ਤਰੀਐ ॥
ਅਰਚਾ ਬੰਦਨ ਹਰਿ ਸਮਤ ਨਿਵਾਸੀ ਬਹੁੜਿ ਜੋਨਿ ਨ ਨੰਗਨਾ॥੫॥੧੬॥ [ਮਾਰੂ ਸੋਲਹੇ ਮ: ੫, ਪੰਨਾ ੧੦੮੦

ਪੁਨਾ—ਚਰਨ ਕਮਲ ਪ੍ਰਭ ਰਾਖੇ ਚੀਤਿ ॥ ਹਰਿ ਗੁਣ ਗਾਵਹਿ ਨੀਤਾ ਨੀਤਿ ॥
**ਤਿਸੁ ਬਿਨੁ ਦੂਜਾ ਅਵਰੁ ਨ ਕੋਊ ॥ ਆਦਿ ਮਧਿ ਅੰਤਿ ਹੈ ਸੋਊ** ॥੧॥ [ਮਾਰੂ ਮ: ੫, ਪੰਨਾ ੧੦੦੧

ਪੁਨਾ—ਅਪੁਨੇ ਠਾਕੁਰ ਕੀ ਹਉ ਚੇਰੀ ॥ ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥੧॥ਰਹਾਉ॥

[ਸਾਰੰਗ ਮਹਲਾ ੧, ਪੰਨਾ ੧੧੯੭

ਚਰਨ ਕਮਲਾਂ ਦੇ ਧਿਆਨ ਦੇ ਤੁਫ਼ੈਲ ਏਹ ਬਰਕਤਾਂ ਆਣ ਢੁਕਦੀਆਂ ਹਨ, ਨਾਮ ਦੀ ਰੁਚੀ (ਲਗਨ) ਮਨ ਵਿਖੇ ਬਣੀ (ਲੱਗੀ) ਰਹਿੰਦੀ ਹੈ ਅਤੇ ਨਿਤਾਪ੍ਰਤਿ ਇਹ ਰੁਚੀ ਦੂਣੀ ਚਉਣੀ ਹੋ ਹੋ ਜਾਂਦੀ ਹੈ। ਕੋਟ ਸ਼ਾਂਤੀਆਂ ਚਰਨ ਕੰਵਲਾਂ ਦੇ ਧਿਆਨ ਨਾਲ ਪ੍ਰਾਪਤ ਹੁੰਦੀਆਂ ਹਨ ਅਤੇ ਪੂਰਨ ਆਨੰਦ ਰਹੱਸ ਮਾਣ ਲਈਦੇ



www.AKJ.Org

ਹਨ। ਬਿਖੇ-ਰਸਾਂ ਅਤੇ ਤ੍ਰਿਸ਼ਨਾ ਦੀ ਅਗਨ ਨਾਲਿ ਜਲਦੀ ਬਲਦੀ ਛਾਤੀ ਬੁਝ ਕੇ ਸੀਤਲ ਹੋ ਜਾਂਦੀ ਹੈ। ਇਸ ਚਰਨ ਕੰਵਲ-ਪ੍ਰਗਟਾਵੜੇ ਸੰਤ (ਭਗਤਿ) ਮਾਰਗ ਉਤੇ ਚਲਣ ਕਰਕੇ ਮਹਾਂ ਪਤਿਤ ਪ੍ਰਾਣੀ ਭੀ ਉਧਰ ਜਾਂਦੇ ਹਨ। ਚਰਨ ਕੰਵਲ ਦੀ ਮਉਜ ਵਿਚ ਖੇਡਣ ਵਾਲੇ ਰਿੱਦ-ਵਿਗਾਸੀ ਅਭਿਆਸੀ ਜਨ ਦੀ ਰੇਣਕਾ ਮਸਤਕ ਲਗਣ ਨਾਲਿ ਚਰਨ-ਸਪਰਸੀ ਜਨ ਅਨੇਕ ਤੀਰਥਾਂ ਦੇ ਨ੍ਹਾਉਣ ਨਾਲੋਂ ਭੀ ਅਧਿਕ ਸੁੱਚਾ ਹੋ ਜਾਂਦਾ ਹੈ। ਚਰਨ ਕੰਵਲ ਦੇ ਰਿਦ ਭੀਤਰ ਧਿਆਨ ਧਰਨ ਨਾਲਿ ਘਟ ਘਟ ਅੰਤਰਿ ਹੀ ਸੁਆਮੀ ਸਾਜਨੜਾ ਸੁਝਦਾ ਹੈ ਤੇ ਪਰਤੱਖ ਦਿਖਾਈ ਦਿੰਦਾ ਹੈ। ਦੇਵਾਧ ਦੇਵ, ਅਪਰ ਅਪਾਰ ਸੁਆਮੀ ਦੀ ਸ਼ਰਨ ਪ੍ਰਾਪਤ ਹੋਇਆਂ ਫੇਰ ਜਮ ਬਪੁੜਾ ਨਹੀਂ ਲੁਝਦਾ। ਯਥਾ ਗੁਰਵਾਕ :-

ਹਰਿ ਕੇ ਨਾਮ ਕੀ ਮਨ ਰੁਚੈ ॥ ਕੋਟਿ ਸਾਂਤਿ ਅਨੰਦ ਪੂਰਨ ਜਲਤ ਛਾਤੀ ਬੁਝੈ ॥ ਰਹਾਉ ॥
ਸੰਤ ਮਾਰਗਿ ਚਲਤ ਪ੍ਰਾਨੀ ਪਤਿਤ ਉਧਰੇ ਮੁਚੈ ॥ ਰੇਨੁ ਜਨ ਕੀ ਲਗੀ ਮਸਤਕਿ ਅਨਿਕ
ਤੀਰਥ ਸੁਚੈ ॥ ੧ ॥ ਚਰਨ ਕਮਲ ਧਿਆਨ ਭੀਤਰਿ ਘਟਿ ਘਟਹਿ ਸੁਆਮੀ ਸੁਝੈ ॥
ਸਰਨਿ ਦੇਵ ਅਪਾਰ ਨਾਨਕ ਬਹੁਰਿ ਜਮੁ ਨਹੀ ਲੁਝੈ ॥੨॥੭॥੧੫॥ [ਕੇਦਾਰਾ ਮਹਲਾ ੫, ਪੰਨਾ ੧੧੨੨

ਜਿਨ੍ਹਾਂ ਦਾ ਪਿਆਰੇ ਪ੍ਰੀਤਮ ਵਾਹਿਗੁਰੂ ਦੇ ਚਰਨ ਕੰਵਲਾਂ ਸੇਤੀ ਚਿਤ ਸਮਾਇ ਰਿਹਾ ਹੈ, ਓਹਨਾਂ ਦੀਆਂ ਸਰਬ-ਭਉ-ਭਰਾਂਤੀਆਂ ਦੂਰ ਹੋ ਜਾਂਦੀਆਂ ਹਨ, ਨਾ ਓਹਨਾਂ ਨੂੰ ਮਰਨ ਦਾ ਡਰ, ਨਾ ਅੱਗ ਵਿਚ ਸੜਨ ਦਾ ਡਰ, ਨਾ ਜਲ ਵਿਚ ਡੁੱਬਣ ਦਾ ਡਰ, ਨਾ ਮੋਹ-ਚਿੱਕੜ ਵਿਚ ਖੁੱਭਣ ਦਾ ਡਰ, ਨਾ ਮਨ ਡਿਗਣ ਦਾ ਡਰ, ਨਾ ਤਨ ਬਿਨਸਨ ਦਾ ਡਰ। ਇਸੇ ਪ੍ਰਥਾਇ ਹੀ ਇਹ ਗੁਰਵਾਕ ਰੂਪੀ ਦੁਤੁਕੀ ਖ਼ੂਬ ਘਟਦੀ ਹੈ :-

ਮਨੁ ਨ ਡਿਗੈ ਤਨੁ ਕਾਹੇ ਕਉ ਡਰਾਇ ॥ ਚਰਣ ਕਮਲ ਚਿਤੁ ਰਹਿਓ ਸਮਾਇ ॥ਰਹਾਉ॥
[ਭੈਰਉ ਕਬੀਰ ਜੀਉ, ਪੰਨਾ ੧੧੬੨

ਚਰਨ ਕੰਵਲ ਆਰਾਧਿਆਂ ਦੁਸ਼ਮਨ ਦੂਖ ਨੇੜੇ ਨਹੀਂ ਆਉਂਦੇ :-

ਪ੍ਰਭ ਕੀ ਓਟ ਗਹਹੁ ਮਨ ਮੇਰੇ ॥ ਚਰਨ ਕਮਲ ਗੁਰਮੁਖਿ ਆਰਾਧਹੁ ਦੁਸਮਨ ਦੂਖੁ ਨ ਆਵੈ ਨੇਰੈ ॥
੧॥ਰਹਾਉ॥ [ਭੈਰਉ ਮਹਲਾ ੫, ਪੰਨਾ ੧੧੫੦

ਨਾਮ ਜਪੰਣ ਦੇ ਪ੍ਰਤਾਪ ਨਾਲ ਜੋਤਿ-ਰਸ-ਵਿਗਾਸ ਦੇ ਰੰਗ ਜੋ ਘਟ ਅੰਤਰਿ ਖਿੜਦੇ ਹਨ, ਜੋਤਿ-ਰਸ-ਰੰਗਾਂ ਦਾ ਇਹ ਖਿੜਾਉ ਚਰਨ ਕੰਵਲਾਂ ਦਾ ਰਿਦੰਤਰਿ ਪ੍ਰਗਟਾਉ ਹੈ। ਨਾਮ-ਰੰਗਾਂ ਦੇ ਇਸ ਚਰਨ ਕੰਵਲ ਪ੍ਰਗਟੇਰੇ ਖੇੜੇ ਵਿਚ ਨਾਮ ਜਪਣ ਦਾ ਉਮਾਹ ਅਤੀ ਅਧਭੁਤ, ਸਦਾ ਬਹਾਰੀ ਬਸੰਤ ਰੁਤਿ ਬਣਾਈ ਰਖਦਾ ਹੈ ਅਤੇ ਏਹਨਾਂ ਸਦ-ਬਸੰਤ-ਰੁਤਿ-ਬਹਾਰੀ-ਰੰਗਾਂ ਵਿਚ ਚਰਨ ਕੰਵਲ ਹਿਰਦੇ ਉਰਧਾਰਿਆਂ ਸਦਾ ਸਦ ਹਰ ਜਸ ਸ੍ਰਵਣੀ ਸੁਨਣ ਦਾ ਸੱਚਾ ਪਰਚਾ ਪੈਂਦਾ ਹੈ। ਯਥਾ ਗੁਰਵਾਕ :-

ਕਿਲਵਿਖ ਕਾਟੇ ਸਾਧ ਸੰਗਿ ॥ ਨਾਮੁ ਜਪਿਓ ਹਰਿ ਨਾਮ ਰੰਗਿ ॥੧॥
ਗੁਰਪਰਸਾਦਿ ਬਸੰਤੁ ਬਨਾ ॥ ਚਰਨ ਕਮਲ ਹਿਰਦੈ ਉਰਿਧਾਰੇ ਸਦਾ ਸਦਾ ਹਰਿ ਜਸੁ ਸੁਨਾ ॥੧॥ਰਹਾਉ॥
[ਬਸੰਤ ਮਹਲਾ ੫, ਪੰਨਾ ੧੧੮੭

ਜਿਨ੍ਹਾਂ ਦਾ ਚਰਨ ਕੰਵਲਾਂ ਨਾਲ ਹੇਤ ਲਗ ਗਿਆ ਹੈ, ਓਹਨਾਂ ਦੇ ਅੰਤਰੋਂ ਮਹਾਂ ਪ੍ਰੇਤ ਪੰਚ ਦੂਤ ਖਿਨ ਵਿਚ ਹੀ ਬਿਨਸ ਗਏ ਹਨ। ਅਠੇ ਪਹਿਰ ਚਰਨ ਕੰਵਲਾਂ ਦਾ ਹੇਤ ਸੰਯੁਕਤੀ ਨਾਮ-ਜਾਪ ਜਪਣਾ ਇਹ ਫਲ ਲਿਆਉਂਦਾ ਹੈ ਕਿ ਗੁਰੂ ਗੋਬਿੰਦ ਸਿੰਘ ਉਸ ਦਾ ਹਰ ਛਿਨ ਰਾਖਾ ਰਾਖਨਹਾਰਾ ਰਹਿੰਦਾ ਹੈ। ਯਥਾ ਗੁਰਵਾਕ :—

ਚਰਨ ਕਮਲ ਸਿਉ ਲਾਗੋ ਹੇਤੁ ॥ ਖਿਨ ਮਹਿ ਬਿਨਸਿਓ ਮਹਾ ਪਰੇਤੁ ॥
ਆਠ ਪਹਰ ਹਰਿ ਹਰਿ ਜਪੁ ਜਾਪਿ ॥ ਰਾਖਨਹਾਰ ਗੋਵਿੰਦ ਗੁਰ ਆਪਿ ॥੨॥

ਪੁਸਤਕ "ਚਰਨ ਕਮਲ ਕੀ ਮਉਜ" ਵਿਚੋਂ] [ਚਲਦਾ [ਭੈਰਉ ਮਹਲਾ ੫, ੧੧੪੯



www.AKJ.Org

# ਵੰਡ ਕੇ ਛਕਣ ਦੀ ਇਕ ਰੌਚਿਕ ਵਾਰਤਾ

[ਡਾਕਟਰ ਜਸਵੰਤ ਸਿੰਘ ਜੀ ਨੇਕੀ]

ਨਵੰਬਰ ੮੯ ਦੇ 'ਸੂਰਾ' ਵਿਚ ਡਾਕਟਰ ਨੇਕੀ ਜੀ ਦਾ ਲੇਖ "ਵੰਡ ਕੇ ਛਕਿਆ" ਛਪਿਆ ਸੀ। ਪਰਚੇ ਦੇ ਅਖੀਰ ਤੇ ਦੋ ਜ਼ਰੂਰੀ ਸੂਚਨਾਵਾਂ ਦੇਣ ਲਈ ਇਕ ਸਫ਼ਾ ਦੇਣਾ ਪੈ ਗਿਆ, ਜਿਸ ਕਰਕੇ ਇਸ ਲੇਖ ਨਾਲ ਸੰਬੰਧਤ ਇਕ ਵਾਤਤਾ ਛਡਣੀ ਪਈ, ਇਸ ਗੁਸਤਾਖ਼ੀ ਲਈ ਲੇਖਕ ਤੋਂ ਖਿਮਾ ਮੰਗਦੇ ਹੋਇਆਂ, ਉਹ ਵਾਰਤਾ ਹੇਠਾਂ ਦਿਤੀ ਜਾ ਰਹੀ ਹੈ। —ਸੰਪਾਦਕ

ਇਕ ਵਾਰਤਾ ਬਾਬਾ ਸਾਹਿਬ ਸਿੰਘ ਜੀ ਬੇਦੀ ਬਾਰੇ ਦੱਸੀ ਜਾਂਦੀ ਹੈ।* ਫ਼ਰਖ਼ਸਈਅਰ ਤੇ ਉਸ ਦੇ ਜਾਨਸ਼ੀਨ ਸਿੱਖਾਂ ਦੇ ਜਾਨੀ ਦੁਸ਼ਮਨ ਬਣੇ ਹੋਏ ਸਨ। ਸਿੱਖਾਂ ਦੇ ਧਾਰਮਕ ਆਗੂ ਹੋਣ ਕਾਰਨ ਬਾਬਾ ਸਾਹਿਬ ਸਿੰਘ ਉਹਨਾਂ ਦੀ ਅੱਖ ਵਿਚ ਬਹੁਤ ਖਟਕਦੇ ਸਨ। ਉਹਨਾਂ ਨੂੰ ਬਾਗ਼ੀ ਗਰਦਾਨਿਆ ਗਿਆ ਸੀ ਤੇ ਉਹਨਾਂ ਦੇ ਸਿਰ ਦੇ ਇਨਾਮ ਰਖੇ ਗਏ ਸਨ। ਬਾਬਾ ਜੀ ਕਾਹਨੂਵਾਨ ਦੇ ਜੰਗਲ ਵਿਚ ਇਕ ਕੁਟੀਆ ਵਿਚ ਰਹਿੰਦੇ ਸਨ। ਦੀਨ ਮੁਹੰਮਦ, ਇਕ ਮੁਸਲਮਾਨ ਫ਼ੌਜਦਾਰ ਨੂੰ ਇਸ ਦਾ ਪਤਾ ਲੱਗਾ ਤਾਂ ਉਸ ਨੇ ਉਹਨਾਂ ਦੀ ਤਲਾਸ਼ ਵਿਚ ਇਹ ਜੰਗਲ ਗਾਹੁਣਾ ਸ਼ੁਰੂ ਕਰ ਦਿੱਤਾ। ਕਈ ਦਿਨਾਂ ਬਾਦ ਉਸ ਦੀ ਨਜ਼ਰ ਬਾਬੇ ਉਤੇ ਜਾ ਪਈ, ਜੋ ਉਸ ਵੇਲੇ ਇਕ ਨਦੀ ਦੇ ਕਿਨਾਰੇ ਬੈਠੇ ਪਾਣੀ ਵਿਚੋਂ ਅੰਜਲੀ ਭਰ ਰਹੇ ਸਨ। ਤਲਵਾਰ ਧੂਹ ਕੇ ਫ਼ੌਜਦਾਰ ਉਹਨਾਂ ਨੂੰ ਮਾਰਨ ਲਈ ਅੱਗੇ ਹੋਇਆ, ਤਾਂ ਕੀ ਵੇਖਦਾ ਹੈ ਬਾਬੇ ਦੀ ਅੰਜਲੀ ਵਿਚ ਇਕ ਬਿੱਛੂ ਹੈ, ਜਿਸ ਨੂੰ ਉਹ ਪਾਣੀ ਵਿਚੋਂ ਬਾਹਰ ਕਢਣ ਦਾ ਜਤਨ ਕਰ ਰਹੇ ਹਨ। ਪਰ, ਉਹ ਬਿੱਛੂ ਡੰਗ ਮਾਰਦਾ ਹੈ ਤੇ ਅੰਜਲੀ ਖੁਲ੍ਹ ਜਾਂਦੀ ਹੈ। ਉਹ ਫਿਰ ਪਾਣੀ ਵਿਚ ਡਿੱਗ ਪੈਂਦਾ ਹੈ। ਇਉਂ ਬਾਰ ਬਾਰ ਹੋਈ ਜਾਂਦਾ ਹੈ। ਬਾਬਾ ਬਿੱਛੂ ਨੂੰ ਕਢਣ ਦਾ ਜਤਨ ਕਰਦਾ ਹੈ, ਬਿੱਛੂ ਡੰਗ ਮਾਰਦਾ ਤੇ ਮੁੜ ਪਾਣੀ ਵਿਚ ਡਿਗ ਪੈਂਦਾ ਹੈ। ਇਹ ਵੇਖ ਕੇ ਦੀਨ ਮੁਹੰਮਦ ਬਾਬਾ ਜੀ ਨੂੰ ਮਾਰਨਾ ਤਾਂ ਭੁੱਲ ਗਿਆ ਤੇ ਬੋਲਿਆ, "ਤੂੰ ਇਸ ਮੂਜ਼ੀ ਨੂੰ ਛੋੜ ਕਿਉਂ ਨਹੀਂ ਦੇਂਦਾ?" ਬਾਬਾ ਜੀ ਨੇ ਪਰਤ ਕੇ ਪਿਛਾਂਹ ਵਲ ਵੇਖਿਆ ਤੇ ਕਿਹਾ, "ਜੇ ਇਹ ਆਪਣੀ ਡੰਗ ਮਾਰਨ ਦੀ ਬਾਣ ਨਹੀਂ ਛਡਦਾ, ਤਾਂ ਮੈਂ ਆਪਣੀ ਪਰੋਪਕਾਰ ਦੀ ਬਾਣ ਕਿਵੇਂ ਛੋੜ ਦਿਆਂ?"

ਦੀਨ ਮੁਹੰਮਦ ਬੜਾ ਪ੍ਰਭਾਵਿਤ ਹੋਇਆ। ਉਸ ਨੇ ਤਲਵਾਰ ਵਾਪਸ ਮਿਆਨ ਵਿਚ ਪਾ ਲਈ ਤੇ ਆਖਣ ਲੱਗਾ, "ਆਇਆ ਤਾਂ ਮੈਂ ਤੈਨੂੰ ਮਾਰਨ ਸਾਂ; ਪਰ ਹੁਣ ਮਾਰਾਂਗਾ ਨਹੀਂ। ਤੂੰ ਚੁਪ ਚਾਪ ਮੇਰੇ ਮਗਰ ਤੁਰਿਆ ਚਲ, ਮੈਂ ਤੈਨੂੰ ਸਰਕਾਰੇ ਪੇਸ਼ ਕਰਨਾ ਹੈ। ਤੂੰ ਸਿਖ ਹੈਂ, ਬਾਗ਼ੀ ਹੈਂ। ਮੈਂ ਤੈਨੂੰ ਮਾਰਿਆ ਤਾਂ ਨਹੀਂ, ਪਰ ਛੱਡ ਵੀ ਨਹੀਂ ਸਕਦਾ।" ਬਾਬਾ ਜੀ ਨਾਲ ਤੁਰ ਪਏ। ਤੁਰਦਿਆਂ ਨੂੰ ਜੰਗਲ ਵਿਚ ਹੀ ਤਕਾਲਾਂ ਪੈ ਗਈਆਂ। ਦੀਨ ਮੁਹੰਮਦ ਕਹਿਣ ਲਗਾ, "ਹੁਣ ਸ਼ਾਮ ਡੂੰਘੀ ਹੋ ਗਈ ਏ। ਕੋਈ ਚੰਗੀ ਥਾਂ ਵੇਖ ਕੇ ਰਾਤ ਕੱਟ ਲਈਏ।"

ਬਾਬਾ ਜੀ ਕਹਿਣ ਲਗੇ, "ਮੇਰੀ ਕੁੱਲੀ ਏਥੋਂ ਬਹੁਤੀ ਦੂਰ ਨਹੀਂ। ਚਾਹੋ ਤਾਂ ਰਾਤ ਓਥੇ ਹੀ ਕੱਟ ਲਈਏ ਤੇ ਰੋਟੀ ਟੁਕ ਵੀ ਖਾ ਲਈਏ।" ਦੀਨ ਮੁਹੰਮਦ ਮੰਨ ਗਿਆ।

ਜਦ ਉਹ ਝੁੱਗੀ ਕੋਲ ਪਹੁੰਚੇ ਤਾਂ ਤੇਰ੍ਹਾਂ ਚੌਦ੍ਹਾਂ ਵਰ੍ਹਿਆਂ ਦੀ ਇਕ ਗੁੰਗੀ-ਬੋਲੀ ਕੁੜੀ ਨੇ ਉਹਨਾਂ ਦਾ ਸੁਆਗਤ ਕੀਤਾ। ਇਸ ਲੜਕੀ ਨੂੰ ਨਿੱਕੀ ਹੁੰਦੀ ਨੂੰ ਹੀ, ਅਭਾਗੀ ਸਮਝ ਕੇ, ਕੋਈ ਮਾਪੇ ਜੰਗਲ ਵਿਚ ਛੋੜ ਗਏ ਸਨ ਤੇ ਬਾਬਾ ਸਾਹਿਬ ਸਿੰਘ ਨੇ ਹੀ ਪਾਲਿਆ ਸੀ। ਉਹ ਝੁੱਗੀ ਵਿਚ ਗਏ ਤੇ ਬਾਬਾ ਤੇ ਦੀਨ ਮੁਹੰਮਦ ਮੂੰਹ ਹੱਥ ਧੋ ਕੇ ਬੈਠ ਗਏ। ਉਸ ਲੜਕੀ ਕੋਲ ਅੰਬ ਦਾ ਅਚਾਰ ਤੇ ਚਾਰ ਰੋਟੀਆਂ ਹੀ ਸਨ (ਦੋ ਬਾਬਾ ਜੀ ਲਈ, ਤੇ ਦੋ ਆਪਣੇ ਲਈ, ਜੋ

*ਬਾਬਾ ਸਾਹਿਬ ਸਿੰਘ ਬੇਦੀ ਸਿੱਖਾਂ ਦੇ ਪ੍ਰਮਾਣੀਕ ਆਗੂ ਹੋਏ ਹਨ। ਉਹਨਾਂ ਹੀ ਮਹਾਰਾਜਾ ਰਣਜੀਤ ਸਿੰਘ ਨੂੰ ਰਾਜ-ਤਿਲਕ ਲਗਾਇਆ ਸੀ। ਉਹ ਬੜੇ ਭਜਨੀਕ ਸਨ ਤੇ ਲੋਕਾਂ ਨੂੰ ਭਜਨ ਦੀ ਪ੍ਰੇਰਨਾ ਦੇਂਦੇ ਸਨ। ਬਟਾਲੇ ਦੇ ਇਲਾਕੇ ਵਿਚ ਬਾਬਾ ਸਾਹਿਬ ਸਿੰਘ, ਦੀਨ ਮੁਹੰਮਦ ਤੇ ਨੂਰੇ ਦੀ ਵਾਰ ਗਾਈ ਜਾਂਦੀ ਸੀ। ਇਸ ਵਾਰ ਵਿਚਲੀ ਵਾਰਤਾ ਦਾ ਕੁਝ ਹਾਲ, ਜੋ ਇਸ ਅਧਿਆਇ ਦੇ ਪ੍ਰਕਰਣ ਨਾਲ ਮੇਲ ਖਾਂਦਾ ਹੈ, ਇਥੇ ਦਰਜ ਕੀਤਾ ਗਿਆ ਹੈ।



www.AKJ.Org

# ਕਿਸੁ ਨਾਲਿ ਕੀਚੈ ਦੋਸਤੀ ?

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਸਵਾਲ ਹੈ–

'ਕਿਸੁ ਨਾਲਿ ਕੀਚੈ ਦੋਸਤੀ, ਸਭੁ ਜਗੁ ਚਲਣਹਾਰੁ' ॥੧॥੧੦॥ (ਵਾਰ ਆਸਾ ਮ: ੧, ਪੰਨਾ ੪੬੮)

ਸਾਰਾ ਸੰਸਾਰ ਨਾਸ਼ਮਾਨ ਹੈ, ਫਿਰ ਮਿਤਰ ਕਿਸ ਨੂੰ ਬਣਾਇਆ ਜਾਏ ? ਇਸਦਾ ਭਾਵ ਇਹ ਨਹੀਂ ਕਿ ਨਿਰਾਸ਼ ਹੋ ਕੇ ਫ਼ਿਲਾਸਫ਼ਰਾਂ ਵਾਂਗ ਕਿਸੇ ਨੁਕਰੇ ਬੈਠ ਕੇ ਸੋਚਦੇ ਰਹੀਏ। ਕੀ ਨਾਸ਼ਮਾਨ ਸੰਸਾਰ ਵਿਚ ਐਸੇ ਮਿਤਰ ਲੱਭੇ ਜਾ ਸਕਦੇ ਹਨ, ਜੋ ਸਦੈਵੀ ਸਾਥ ਦੇਣ ਵਾਲੇ ਹਨ। ਹਾਂ, ਇਸ ਸਵਾਲ ਦਾ ਉਤਰ ਸਤਿਗੁਰੂ ਜੀ ਕਿਸੇ ਹੋਰ ਥਾਂ ਦਿੰਦੇ ਹਨ :–

ਨਾਨਕ, ਕਚੜਿਆ ਸਿਉ ਤੋੜਿ, ਢੂਢਿ ਸਜਣ ਸੰਤ ਪਕਿਆ ॥

ਓਇ ਜੀਵੰਦੇ ਵਿਛੁੜਹਿ, ਓਇ ਮੁਇਆਂ ਨ ਜਾਹੀਂ ਛੋੜਿ ॥੧॥੨੨॥ (ਡਖਣੇ ਮ: ੫–੧੧੦੨)

ਗੱਲ ਬੜੀ ਸਪੱਸ਼ਟ ਹੈ ਕਿ ਆਮ ਸੰਸਾਰੀ ਮਿਤਰ ਮਨੁਖ ਦੀ (social instinct) ਸਮਾਜਿਕ ਮੂਲ-ਰੁਚੀ ਦੀ ਪੂਰਤੀ ਕਰਦੇ ਹਨ, ਪਰ ਉਹਨਾਂ ਦਾ ਵਿਹਾਰ-ਖੇਤਰ ਨਿਰੋਲ ਸੰਸਾਰਕ ਹੁੰਦਾ ਹੈ, ਦੁਖ ਜਾਂ ਸੁਖ ਵਿਚ ਸ਼ਰੀਕ ਹੋ ਜਾਣਾ, ਇਸ ਤੋਂ ਵਧ ਹੋਰ ਕੁਝ ਭੀ ਨਹੀਂ। ਉਹਨਾਂ ਦੀ ਦੋਸਤੀ ਸੰਸਾਰ ਦੇ ਘੇਰੇ ਤੋਂ ਉਪਰ ਨਹੀਂ ਉਠਦੀ। ਇਹ ਮਤਲਬ ਦੇ ਯਾਰ ਹੁੰਦੇ ਹਨ, ਇਸੇ ਕਰਕੇ ਇਹ ਸੰਸਾਰੀ ਮਿਤਰ ਵਿਸਾਹ-ਘਾਤ ਭੀ ਕਰਦੇ ਦੇਖੇ ਹਨ, ਕਈ ਕਾਰਨਾਂ ਕਰਕੇ ਅੰਦਰੋ ਅੰਦਰ ਈਰਖਾ ਭੀ ਕਰਨ ਲੱਗ ਪੈਂਦੇ ਹਨ, ਉਪਰੋਂ ਦੋਸਤੀ ਦਾ ਦੰਮ ਭੀ ਭਰਦੇ ਹਨ। ਤਾਂ ਤੇ ਅਜਿਹੇ ਮੌਸਮੀ ਜਾਂ ਫ਼ਸਲੀ ਮਿਤਰਾਂ ਦਾ ਭਰੋਸਾ ਨਹੀਂ ਕੀਤਾ ਜਾ ਸਕਦਾ। ਇਨ੍ਹਾਂ ਦਾ ਪਤਾ ਨਹੀਂ ਕਦੋਂ ਸਾਥ ਛੱਡ ਜਾਣ। ਗੁਰੂ ਰਾਮਦਾਸ ਜੀ ਇਸ ਸੱਚਾਈ ਨੂੰ ਇਉਂ ਪ੍ਰਗਟਾਉਂਦੇ ਹਨ–

ਜੋ ਸੰਸਾਰੈ ਕੇ ਕੁਟੰਬ ਮਿਤ੍ਰ ਭਾਈ ਦੀਸਹਿ ਮਨ ਮੇਰੇ, ਤੇ ਸਭਿ ਅਪਨੈ ਸੁਆਇ ਮਿਲਾਸਾ ॥

ਜਿਤੁ ਦਿਨਿ ਉਨ੍ ਕਾ ਸੁਆਉ ਹੋਇ ਨ ਆਵੈ, ਤਿਤੁ ਦਿਨਿ ਨੇੜੈ ਕੋ ਨ ਢੁਕਾਸਾ ॥੩॥੨॥ (ਗੋਂਡ–੮੬੦)

ਸਤਿਗੁਰੂ ਜੀ ਨੇ ਅਜਿਹੇ ਸੰਸਾਰੀ ਮਿਤਰਾਂ ਨੂੰ ਕੱਚੇ ਮਿਤਰ ਕਿਹਾ ਹੈ ਅਤੇ ਉਪਦੇਸ਼ ਦਿਤਾ ਹੈ ਕਿ ਇਨ੍ਹਾਂ ਕੱਚਿਆਂ ਨਾਲੋਂ ਮੋਹ ਤੋੜੋ, ਤੇ ਐਸੇ ਪੱਕੇ ਮਿਤਰ ਬਣਾਓ ਜੋ ਇਸ ਸੰਸਾਰ ਵਿਚ ਭੀ ਅਤੇ ਅਗਲੀ ਦੁਨੀਆ

---

❊ਉਸ ਨੇ ਪਕਾ ਰਖੀਆਂ ਸਨ)। ਉਹ ਚਾਰੇ ਲੈ ਆਈ। ਬਾਬਾ ਜੀ ਨੇ ਦੋ ਰੋਟੀਆਂ ਦੀਨ ਮੁਹੰਮਦ ਦੀ ਥਾਲੀ ਵਿਚ ਰਖ ਦਿਤੀਆਂ, ਇਕ ਆਪਣੇ ਅੱਗੇ ਰਖ ਲਈ ਤੇ ਇਕ ਉਸ ਲੜਕੀ ਅੱਗੇ। ਫਿਰ ਦੀਵਾ ਗੁੱਲ ਕਰ ਦਿੱਤਾ। ਦੀਨ ਮੁਹੰਮਦ ਘਬਰਾ ਗਿਆ, ਪਰ ਬਾਬਾ ਜੀ ਕਹਿਣ ਲਗੇ, "ਭੰਬਟ ਨ ਆ ਜਾਣ, ਸੋ ਦੀਵਾ ਬੁਝਾ ਦਿੱਤਾ ਹੈ।"

ਦੀਨ ਮੁਹੰਮਦ ਨੂੰ ਬਹੁਤ ਭੁੱਖ ਲਗੀ ਹੋਈ ਸੀ। ਉਸ ਨੇ ਦੋਵੇਂ ਰੋਟੀਆਂ ਮੁਕਾ ਲਈਆਂ। ਬਾਬਾ ਜੀ ਹਨੇਰੇ ਵਿਚ ਹੱਥ ਮੂੰਹ ਹਿਲਾਈ ਜਾਣ; ਪਰ ਉਹਨਾਂ ਰੋਟੀ ਖਾਧੀ ਕੋਈ ਨਾ। ਸਗੋਂ ਆਪਣੀ ਰੋਟੀ ਵੀ ਦੀਨ ਮੁਹੰਮਦ ਅਗੇ ਹੀ ਰਖ ਦਿੱਤੀ। ਲੜਕੀ ਨੇ ਵੀ ਆਪਣੀ ਰੋਟੀ ਚੁਪ ਚੁਪਾਤੇ ਦੀਨ ਮੁਹੰਮਦ ਅੱਗੇ ਹੀ ਰੱਖ ਦਿੱਤੀ। ਉਹ ਚਾਰੇ ਰੋਟੀਆਂ ਖਾ, ਰੱਜ ਕੇ, ਇਹ ਸੋਚਦਾ ਸੋਚਦਾ ਸੌਂ ਗਿਆ ਕਿ ਬਾਬੇ ਨੇ ਦੀਵਾ ਕਿਉਂ ਬੁਝਾਇਆ ਸੀ।

ਸੁੱਤਿਆਂ ਉਸ ਨੂੰ ਸੁਪਨਾ ਆਇਆ, ਜਿਸ ਵਿਚ ਉਸ ਵੇਖਿਆ, ਉਹ ਰਾਤ ਵਾਂਗ ਖਾਣੇ ਤੇ ਬੈਠਾ ਹੈ ਤੇ ਦੀਵਾ ਬੁਝਣ ਮਗਰੋਂ ਬਾਬੇ ਨੇ ਵੀ ਤੇ ਉਸ ਲੜਕੀ ਨੇ ਵੀ ਹਨੇਰੇ ਵਿਚ ਆਪੋ ਆਪਣੀਆਂ ਰੋਟੀਆਂ ਉਸ ਦੀ ਥਾਲੀ ਵਿਚ ਰੱਖ ਦਿੱਤੀਆਂ, ਤੇ ਆਪ ਝੂਠੀ ਮੂਠੀ ਰੋਟੀ ਖਾਂਦੇ ਰਹੇ।

ਤੜਕੇ ਉੱਠ ਕੇ ਉਸ ਬਾਬਾ ਜੀ ਤੋਂ ਵਿਦਾਇਗੀ ਮੰਗੀ ਤੇ ਕਿਹਾ, "ਗੁਰੂ ਦੇ ਸਿੱਖਾ, ਤੈਨੂੰ ਕੋਈ ਨਹੀਂ ਮਾਰ ਸਕਦਾ।" ਵਿਛੜਨ ਲਗਿਆਂ ਉਸ ਦੀਆਂ ਅੱਖਾਂ ਵਿਚ ਹੰਝੂ ਸਨ। ("ਅਰਦਾਸ" ਪੁਸਤਕ ਦੇ ਲੇਖ 'ਵੰਡ ਕੇ ਛਕਿਆਂ' ਵਿਚੋਂ



www.AKJ.Org

ਵਿਚ ਭੀ ਨਾਲ ਨਿਭਣ ਵਾਲੇ ਹੋਣ।

ਸਤਿਗੁਰੂ ਜੀ ਨੇ ਵਾਹਿਗੁਰੂ ਤੋਂ ਭੁਲੇ ਹੋਏ ਮਨਮੁਖਾਂ ਦੀ ਦੋਸਤੀ ਥੋੜ-ਚਿਰੀ ਦਸੀ ਹੈ ਤੇ ਕਿਹਾ ਹੈ ਕਿ ਇਨ੍ਹਾਂ ਨਾਲ ਪਾਈ ਸਾਂਝ ਬਹੁਤਾ ਚਿਰ ਨਹੀਂ ਰਹਿ ਸਕਦੀ। ਇਸ ਮਿਤਰਤਾ ਵਿਚੋਂ ਅੰਤ ਨੂੰ ਖੁਆਰੀ ਹੀ ਨਿਕਲਣੀ ਹੈ–

ਮਨਮੁਖ ਸੇਤੀ ਦੋਸਤੀ, ਥੋੜੜਿਆ ਦਿਨ ਚਾਰਿ ॥
ਇਸ ਪਰੀਤੀ ਟੁਟਦੀ ਵਿਲਮੁ ਨ ਹੋਵਈ, ਇਤੁ ਦੋਸਤੀ ਚਲਨਿ ਵਿਕਾਰ ॥੧॥੪॥ (ਸਲੋਕ ਮ: ੩–੫੮੭)

ਜੋ ਮਨੁਖ ਆਪਣੀ ਮਨ-ਮਰਜ਼ੀ ਅਨੁਸਾਰ ਜੀਵਨ ਵਿਚ ਤੁਰਦੇ ਹਨ, ਉਹਨਾਂ ਨੂੰ ਗੁਰੂ ਮਹਾਰਾਜ ਮਨਮੁਖ ਕਹਿੰਦੇ ਹਨ, ਪਰ ਪਛਮੀ ਸਿਆਣੇ ਉਹਨਾਂ ਨੂੰ ਅਸਤਿਤਵ-ਵਾਦੀ (existantialist) ਆਖਦੇ ਹਨ। ਉਹਨਾਂ ਨੂੰ ਗੁਰਮਤਿ ਦਾ ਜਾਂ ਗੁਰੂ ਸਾਹਿਬ ਦੁਆਰਾ ਸਥਾਪਨ ਕੀਤੀਆਂ ਕਦਰਾਂ-ਕੀਮਤਾਂ ਦਾ ਕੀ ਪਤਾ? ਉਹਨਾਂ ਵਿਚਾਰਿਆਂ ਦੇ ਜੋ ਮਨ ਭਾਉਂਦਾ ਹੈ ਖਾ ਲੈਂਦੇ ਹਨ, ਜੋ ਚਿਤ ਕਰਦਾ ਹੈ ਕਰ ਲੈਂਦੇ ਹਨ। ਜਿਵੇਂ ਪਸ਼ੂ ਪਾਪ ਪੁੰਨ ਤੋਂ ਮੁਕਤ ਹੁੰਦਾ ਹੈ ਤਿਵੇਂ ਉਹ ਭੀ ਉਸੇ ਪੱਧਰ ਤੇ ਜੀਉਂਦੇ ਹਨ, ਤੇ ਆਪਣੇ ਆਪ ਨੂੰ ਪਾਪ ਪੁੰਨ ਤੋਂ, ਸੰਗਤ-ਕੁਸੰਗਤ ਦੇ ਸਿਧਾਂਤ ਤੋਂ ਉਪਰ ਹੀ ਮੰਨਦੇ ਹਨ। ਐਸੇ ਮਨਮੁਖਾਂ ਨਾਲ ਦੋਸਤੀ ਪਾਉਣ ਤੋਂ ਸਚੇ ਪਾਤਸ਼ਾਹ ਸਿੱਖ ਨੂੰ ਹਮੇਸ਼ਾ ਵਰਜਦੇ ਹਨ। ਬੜੇ ਸਪੱਸ਼ਟ ਸ਼ਬਦਾਂ ਵਿਚ ਗੁਰੂ ਅਮਰਦਾਸ ਜੀ ਫ਼ੁਰਮਾਉਂਦੇ ਹਨ–

ਜਿਨਾ ਅੰਦਰਿ ਸਚੇ ਕਾ ਭਉ ਨਾਹੀ, ਨਾਮਿ ਨ ਕਰਹਿ ਪਿਆਰੁ ॥
ਨਾਨਕ, ਤਿਨ ਸਿਉ ਕਿਆ ਕੀਚੈ ਦੋਸਤੀ, ਜਿ ਆਪਿ ਭੁਲਾਏ ਕਰਤਾਰਿ ॥੧॥੪॥ (ਸਲੋਕ ਮ: ੩–੫੮੭)

ਮਨੁਖ ਦਾ ਕਿਰਦਾਰ ਉਸਦੇ ਮਿਤਰਾਂ ਦੀ ਮੰਡਲੀ ਤੋਂ ਹੀ ਪਰਖਿਆ ਜਾਂਦਾ ਹੈ। (Man is known from the company he keeps) ਇਹ ਪ੍ਰਚਲਤ ਲੋਕ-ਅਖਾਣ ਹੈ, "ਜੈਸੀ ਸੰਗਤ ਤੈਸੀ ਰੰਗਤ।"

ਦੋਸਤ ਮਿਤਰ ਦੀ ਚੋਣ ਕਰਨ ਲਈ ਗੁਰਬਾਣੀ ਸੇਧ ਦਿੰਦੀ ਹੈ ਕਿ ਜਿਹੜੇ ਲੋਕ ਰੱਬ ਤੋਂ ਹੀ ਮੁਨਕਰ ਹਨ ਅਤੇ ਜਿਨ੍ਹਾਂ ਨੂੰ ਆਪਣੇ ਸਿਰਜਣਹਾਰ ਦਾ ਕੋਈ ਭਉ ਨਹੀਂ, ਐਸੇ ਬੇਦੀਨਾਂ ਨਾਲ ਦੋਸਤੀ ਪਾਉਣੀ ਅਤੇ ਖਾਣ ਪੀਣ ਦੀ ਸਾਂਝ ਰਖਣੀ ਨਿਰੀ ਸ਼ੈਤਾਨੀ ਸਹੇੜਨੀ ਹੈ, ਉਥੋਂ ਮਨ ਵਿਚ ਬੁਰੇ ਖ਼ਿਆਲ ਹੀ ਉਪਜਣੇ ਹਨ। ਗੁਰ ਫੁਰਮਾਨ ਹੈ :–

ਵੇਦੀਨਾ ਕੀ ਦੋਸਤੀ, ਵੇਦੀਨਾ ਕਾ ਖਾਣੁ ॥
ਸਿਫਤੀ ਸਾਰ ਨ ਜਾਣਨੀ ਸਦਾ ਵਸੈ ਸੈਤਾਨੁ ॥੧॥੧੪॥ (ਸਲੋਕ ਮ: ੧, ਪੰਨਾ ੭੯੦)

ਇਹਨਾਂ ਨਾਲ ਸਾਂਝ ਪਾਉਣ ਨਾਲ ਬੰਦਾ ਪਰਮਾਤਮਾ ਦੀ ਸਿਫ਼ਤ-ਸਲਾਹ ਤੋਂ ਖੁੰਝ ਜਾਂਦਾ ਹੈ। ਅੱਜ ਕਲ੍ਹ ਦੇ ਖੁਲ੍ਹੇ ਡੁਲ੍ਹੇ ਸਮਾਜ ਵਿਚ ਸਾਡੇ ਬਹੁਤ ਸਾਰੇ ਅੰਮ੍ਰਿਤਧਾਰੀ ਵੀਰ ਅਤੇ ਭੈਣਾਂ, ਬੱਚੇ ਅਤੇ ਬੱਚੀਆਂ, ਬੇ-ਅੰਮ੍ਰਿਤੀਆਂ ਨਾਲ ਦੋਸਤੀਆਂ ਪਾਈ ਬੈਠੇ ਹਨ। ਸਤਿਗੁਰ ਜੀ ਤਾਂ ਚਿਤਾਵਨੀ ਦੇ ਰਹੇ ਹਨ, ਅਗੋਂ ਸਿੱਖ ਨੇ ਇਸ ਤੇ ਵੀਚਾਰ ਕਰਨੀ ਹੈ–

ਸੋ ਸਿਖੁ ਸਖਾ ਬੰਧਪੁ ਹੈ ਭਾਈ, ਜਿ ਗੁਰ ਕੇ ਭਾਣੇ ਵਿਚਿ ਆਵੈ ॥
ਆਪਣੈ ਭਾਣੈ ਜੋ ਚਲੈ ਭਾਈ, ਵਿਛੁੜਿ ਚੋਟਾ ਖਾਵੈ ॥
ਬਿਨੁ ਸਤਿਗੁਰ ਸੁਖੁ ਕਦੇ ਨ ਪਾਵੈ ਭਾਈ, ਫਿਰਿ ਫਿਰਿ ਪਛੋਤਾਵੈ ॥੧॥ (ਸੋਰਠਿ ਮ: ੩–੬੦੧-੨)

ਗੁਰੂ ਅਰਜਨ ਦੇਵ ਜੀ ਤਾਂ ਬੜੇ ਸਪੱਸ਼ਟ ਅੰਦਾਜ਼ ਵਿਚ ਫੁਰਮਾਉਂਦੇ ਹਨ :–

ਮਨਮੁਖਾ ਕੇਰੀ ਦੋਸਤੀ, ਮਾਇਆ ਕਾ ਸਨਬੰਧੁ ॥
ਵੇਖਦਿਆ ਹੀ ਭਜਿ ਜਾਨਿ, ਕਦੇ ਨ ਪਾਇਨਿ ਬੰਧੁ ॥
ਜਿਚਰੁ ਪੈਨਨਿ ਖਾਵਨੇ, ਤਿਚਰੁ ਰਖਨਿ ਗੰਢੁ ॥
ਜਿਤੁ ਦਿਨਿ ਕਿਛੁ ਨ ਹੋਵਈ, ਤਿਤੁ ਦਿਨਿ ਬੋਲਨਿ ਗੰਧੁ ॥੨॥੫॥ (ਮ: ੫–੯੫੯)



www.AKJ.Org

ਗੁਰਬਾਣੀ ਇਹ ਸੇਧ ਬਖ਼ਸ਼ਦੀ ਹੈ ਕਿ ਜੇ ਦੋਸਤੀ ਪਾਉਣੀ ਹੈ ਤਾਂ ਸਜਣ ਸੰਤ ਢੂੰਡੋ, ਜੋ ਰੱਬ ਦੇ ਭੈ ਵਾਲੇ ਹੋਣ, ਗੁਰੂ ਦੇ ਅਨੁਸਾਰੀ ਹੋਣ, ਅਤੇ ਜੋ ਪਰਉਪਕਾਰ ਕਰ ਕੇ ਜਤਲਾਉਣ ਨਾ। ਉਹਨਾਂ ਨੂੰ ਮਿਲ ਕੇ ਪ੍ਰਭੂ-ਪਿਆਰਾ ਚਿਤ ਆਵੇ, ਉਸ ਪਿਆਰੇ ਦੇ ਗੁਣ ਗਾਉਣ ਨੂੰ ਜੀਅ ਕਰੇ। ਐਸੇ ਸੰਤ ਸਜਣ ਮਿਤਰਾਂ ਲਈ ਸਤਿਗੁਰੂ ਜੀ ਤਰਲਾ ਲੈਣਾ ਸਿਖਾਉਂਦੇ ਹਨ–

ਜਿਨ ਡਿਠਿਆ ਮਨੁ ਰਹਸੀਐ, ਕਿਉ ਪਾਈਐ ਤਿਨ੍ ਸੰਗੁ ਜੀਉ ॥
ਸੰਤ ਸਜਨ ਮਨ ਮਿਤ੍ਰ ਸੇ, ਲਾਇਨਿ ਪ੍ਰਭ ਸਿਉ ਰੰਗੁ ਜੀਉ ॥
ਤਿਨ੍ ਸਿਉ ਪ੍ਰੀਤਿ ਨ ਤੁਟਈ, ਕਬਹੁ ਨ ਹੋਵੈ ਭੰਗੁ ਜੀਉ ॥੧॥ (ਸੂਹੀ ਮ: ੫ ਅਸਟ:, ੭੬੦)

ਅਤੇ–ਜਿਨਾ ਦਿਸੰਦੜਿਆ ਦੁਰਮਤਿ ਵੰਞੈ, ਮਿਤ੍ਰ ਅਸਾਡੜੇ ਸੇਈ ॥
ਹਉ ਢੂਢੇਦੀ ਜਗੁ ਸਬਾਇਆ, ਜਨ ਨਾਨਕ ਵਿਰਲੇ ਕੇਈ ॥੨॥੯॥ (ਵਾਰ ਗੂਜਰੀ, ਮ: ੫–੫੨੦)

ਇਸ ਸਿਧਾਂਤ ਤੋਂ ਭੀ ਉਪਰ ਦੀ ਇਕ ਹੋਰ ਸੇਧ ਭੀ ਗੁਰਬਾਣੀ ਤੋਂ ਮਿਲਦੀ ਹੈ–

ਮੀਤ ਸਖੇ ਕੇਤੇ ਜਗ ਮਾਹੀ ॥ ਬਿਨੁ ਗੁਰ ਪਰਮੇਸਰ ਕੋਈ ਨਾਹੀ ॥੧੧॥ (ਮਾਰੂ ਮ: ੧ ਸੋਲਹੇ, ੧੦੨੮)

ਮਨਮੁਖ ਨਾਲੋਂ ਗੁਰਮੁਖ, ਸੰਤ ਸਜਣ ਦੀ ਮਿਤਰਾਈ ਨੂੰ ਤਰਜੀਹ ਦਿੱਤੀ ਗਈ ਹੈ। ਪਰ ਗੁਰਮੁਖ ਤੋਂ ਉਪਰ ਜੇ ਕੋਈ ਮਿਤਰ ਹੋ ਸਕਦਾ ਹੈ ਤਾਂ ਉਹ ਹੈ ਗੁਰੂ ਜਾਂ ਪਰਮੇਸ਼ਰ। ਪਹਿਲਾ ਮਿੱਤਰ ਸਤਿਗੁਰੂ ਹੈ :–

ਸਾਜਨੁ ਬੰਧੁ ਸੁ ਮਿਤ੍ਰ ਸੋ, ਹਰਿਨਾਮੁ ਹਿਰਦੈ ਦੇਇ ॥
ਅਉਗਣ ਸਭਿ ਮਿਟਾਇ ਕੈ, ਪਰਉਪਕਾਰੁ ਕਰੇਇ ॥੩॥੧੭੨॥ (ਗਉੜੀ ਮਾਝ ਮ: ੫–੨੧੮)

ਮਨਮੁਖਾਂ ਦੀ ਦੋਸਤੀ ਵਿਚੋਂ ਸੁਖ ਕਦੇ ਨਹੀਂ ਨਿਕਲ ਸਕਦਾ। ਕੇਵਲ ਗੁਰਮੁਖ ਸਤਸੰਗੀਆਂ ਨਾਲ ਪਿਆਰ ਪਾਉਣਾ ਹੀ ਸੁਖਦਾਈ ਹੈ, ਜੋ ਸਤਿਗੁਰੂ ਨਾਲ ਚਿਤ ਜੋੜਨ ਵਿਚ ਸਹਾਈ ਹੁੰਦੇ ਹਨ। ਗੁਰ ਫੁਰਮਾਨ ਹੈ–

ਮਨਮੁਖ ਸਉ ਕਰਿ ਦੋਸਤੀ, ਸੁਖ ਕਿ ਪੁਛਹਿ ਮਿਤ ॥ ?
ਗੁਰਮੁਖ ਸਉ ਕਰਿ ਦੋਸਤੀ, ਸਤਿਗੁਰ ਸਉ ਲਾਇ ਚਿਤੁ ॥੬੯॥ (ਸਲੋਕ ਮ: ੩ ੧੪੨੧)

ਗੁਰਮੁਖ ਨਾਲ ਦੋਸਤੀ ਅਤੇ ਸਤਿਗੁਰੂ ਨਾਲ ਦੋਸਤੀ ਦਾ ਫ਼ਰਕ ਸਮਝ ਲੈਣਾ ਜ਼ਰੂਰੀ ਹੈ। ਸਤਿਗੁਰੂ ਦੇ ਕਾਰਜ ਦਾ ਅਤੇ ਗੁਰਮੁਖ ਦੇ ਕਾਰਜ ਦਾ ਸਹੀ ਮੁਲਾਂਕਣ ਕਰ ਲੈਣਾ ਉਚਿਤ ਹੈ। ਗੁਰਮੁਖ ਵੀ ਸੱਚਾ ਦੋਸਤ ਹੈ, ਮਿੱਤਰ ਹੈ, ਪਰ ਪੂਜਾ ਕਰਨ ਕਰਾਉਣ ਦਾ ਅਧਿਕਾਰੀ ਨਹੀਂ। ਸਤਿਗੁਰੂ ਦੇ ਵਰੋਸਾਏ ਗੁਰਮੁਖ ਜਨ ਦੇਹ ਰੂਪ ਵਿਚ ਵਿਚਰਦੇ ਤੇ ਪਰਉਪਕਾਰ ਕਰਦੇ ਹਨ। ਸਤਿਗੁਰੂ ਵੀ ਮਿਤਰ ਹੈ ਅਤੇ ਦਰਗਾਹ ਦਾ ਬਸੀਠ ਹੈ, ਪ੍ਰਭੂ ਨਾਲ ਮਿਲਾਣ ਵਾਲਾ ਰਹਿਬਰ ਹੈ। ਸਤਿਗੁਰੂ ਜੀ ਘਟ ਘਟ ਵਿਚ ਅਕਾਲ ਪੁਰਖ ਦੀ ਜੋਤਿ ਜਗਾਉਣ ਲਈ ਸੰਸਾਰ ਵਿਚ ਪ੍ਰਕਾਸ਼ਮਾਨ ਹੋਏ ਅਤੇ ਉਹ ਹੁਣ ਅਗੋਂ ਬਾਣੀ ਰੂਪ ਵਿਚ ਪ੍ਰਕਾਸ਼ਮਾਨ ਹਨ। ਸਤਿਗੁਰੂ ਨੇ ਸਾਡੇ ਅੰਦਰ ਆਪਣੀ ਕਿਰਪਾ ਸਦਕਾ ਜੋਤਿ ਦਾ ਪ੍ਰਕਾਸ਼ ਕਰਕੇ ਉਸ ਮਹਾਨ ਜੋਤਿ ਪ੍ਰਭੂ ਨਾਲ ਮਿਲਾ ਦੇਣਾ ਹੈ। ਪਰ ਗੁਰਮੁਖਾਂ ਦਾ ਕੰਮ ਕੇਵਲ ਹੋਰਨਾਂ ਨੂੰ ਪ੍ਰੇਰ ਪ੍ਰੇਰ ਕੇ ਗੁਰੂ ਦੇ ਚਰਨਾਂ ਨਾਲ ਜੋੜਨਾ ਹੈ। ਹਨ ਦੋਵੇਂ ਮਿਤਰ, ਪਰ ਦੋਹਾਂ ਦੇ ਕਾਰਜਾਂ ਵਿਚ ਫ਼ਰਕ ਹੈ। ਅਤੇ ਇਹ ਫ਼ਰਕ ਹਮੇਸ਼ਾ ਧਿਆਨ ਵਿਚ ਰਖਣ ਯੋਗ ਹੈ।

---

**ਪਾਠਕ ਜੀ--** (੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਪਰਚੇ ਉਪਰ ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖ ਕੇ ਭੇਜਦੇ ਹਾਂ ਜੀ।

(੨) ਚੰਦਾ ਖ਼ਤਮ ਹੋਣ ਦੀ ਮੋਹਰ ਪਰਚੇ ਪਿਛੇ ਵੇਖੋ ਤਾਂ ਉਦੋਂ ਹੀ ਚੰਦਾ ਮਨੀਆਰਡਰ ਕਰਾਓ, ਨਹੀਂ ਤਾਂ ਪਰਚਾ ਬੰਦ ਹੋ ਜਾਸੀ।

(੩) ਜੇ ਪਰਚਾ ੧੫ ਤਰੀਕ ਤਕ ਨਾ ਪਹੁੰਚੇ ਤਾਂ ਗੁੰਮ ਹੋ ਗਿਆ ਸਮਝੋ ਅਤੇ ਹੋਰ ਪਰਚਾ ਭੇਜਣ ਲਈ ਕਾਰਡ ਪਾਓ।

(੪) ਸ਼ਹੀਦੀ ਤੇ ਪੀੜਤ ਪਰਵਾਰ ਫੰਡ ਦੀ ਰਕਮ "ਅਖੰਡ ਕੀਰਤਨੀ ਜਥਾ" ਦੇ ਨਾਂ ਭੇਜੋ, ਹੋਰ ਕਿਸੇ ਨਾਂ ਤੇ ਨਾ ਭੇਜੋ ਜੀ।

(੫) ਦੇਸਾਂ ਪਰਦੇਸਾਂ ਤੋਂ ਸੂਰਾ ਪੱਤਰ ਨੂੰ ਅੰਮ੍ਰਿਤਸਰ ਤੋਂ ਬਿਨਾਂ ਕਿਸੇ ਹੋਰ ਸ਼ਹਿਰ ਦੇ ਭੇਜੇ ਚੈਕ ਜਾਂ ਡਰਾਫ਼ਟ ਵਿਚ, ਅਸਲ ਰਕਮ ਤੋਂ ਵਧ ਦਸ ਰੁਪਏ ਬੈਂਕ ਕਮਿਸ਼ਨ ਭੇਜੋ ਜੀ।



www.AKJ.Org

# ਭੂਰਿਆਂ ਵਾਲੇ ਰਾਜੇ ਕੀਤੇ (੩)
# ਮੁ.ਗਲਾਂ ਜ਼ਹਿਰ ਪਿਆਲੇ ਪੀਤੇ

[ਕੈਪਟਿਨ ਸਵਰਨ ਸਿੰਘ ਜੀ]

"ਭੂਰਿਆਂ ਵਾਲੇ ਰਾਜੇ ਕੀਤੇ, ਮੁਗਲਾਂ ਜ਼ਹਿਰ ਪਿਆਲੇ ਪੀਤੇ" ਇਹ ਕਲਾਮ ਉਘੇ ਸੂਫ਼ੀ ਫ਼ਕੀਰ ਸਾਈਂ ਬੁਲ੍ਹੇ ਸ਼ਾਹ ਦਾ ਹੈ। ੧੮ਵੀਂ ਸਦੀ ਦੇ ਪਹਿਲੇ ਦਹਾਕੇ ਤੋਂ ਲੈ ਕੇ, ਸਾਈਂ ਜੀ ਦੀ ਆਪਣੀ ਮੌਤ ਤਕ ਮੁਗਲ ਹਕੂਮਤ ਸਮੇਂ ਦੇ ਜ਼ੁਲਮੀ ਕਾਰੇ ਅਤੇ ਸਿੱਖਾਂ ਉਤੇ ਚਲਦਾ ਦਮਨ ਚੱਕਰ ਤੇ ਸਿੰਘਾਂ ਦਾ ਸਬਰ ਤੇ ਹੱਠ ਆਪਣੀ ਅੱਖੀਂ ਵੇਖਦੇ ਰਹੇ; ਜਿਨ੍ਹਾਂ ਦੇ ਸੰਕੇਤ ਆਪਣੇ ਕਲਾਮ ਵਿਚ ਉਨ੍ਹਾਂ ਨੇ ਕਈ ਥਾਈਂ ਦਿਤੇ ਹਨ। ਲੇਖਕ ਵਲੋਂ ਇਨ੍ਹਾਂ ਸੰਕੇਤਾਂ ਨੂੰ ਉਘਾੜ ਕੇ ਇਨ੍ਹਾਂ ਜ਼ੁਲਮੀ ਕਾਰਿਆਂ ਨੂੰ ਇਸ ਲੇਖ-ਲੜੀ ਵਿਚ ਬਿਆਨ ਕਰਨ ਦਾ ਜਤਨ ਹੈ।

ਪਹਿਲੀ ਕਿਸ਼ਤ 'ਸੂਰਾ' ਅਗਸਤ ੮੯ ਦੇ ਫੁਟਨੋਟ ਵਿਚ ਸਾਈਂ ਬੁਲ੍ਹੇ ਸ਼ਾਹ ਦਾ ਜਨਮ-ਸੰਮਤ ੧੬੮੦ ਦੀ ਥਾਂ ੧੭੨੦ ਈ: ਗ਼ਲਤ ਛਪ ਗਿਆ ਸੀ, ਜਿਸ ਦੀ ਸਹੀ ਗਵਾਹੀ ਲਈ ਲੇਖਕ ਨੇ ਕੁਝ ਹਵਾਲੇ ਸਾਨੂੰ ਲਿਖ ਭੇਜੇ :—

| | | |
|---|---|---|
| ੧. ਡਾ: ਮੋਹਨ ਸਿੰਘ, ਬੁਲ੍ਹੇ ਸ਼ਾਹ ਕਾਫ਼ੀਆਂ | ਜਨਮ ੧੬੮੦ ਈ:, | ਮੌਤ ੧੭੫੨ (ਮੌਤ ਥਿਤੀ ਗ਼ਲਤ ਹੈ) |
| ੨. ਮਿ: ਆਸਬਰਨ, ਬੁਲ੍ਹੇ ਸ਼ਾਹ (ਇੰਗਲਿਸ਼) | ,, ੧੬੮੦ | ,, ੧੭੫੨ (ਮੌਤ ਥਿਤੀ ਗ਼ਲਤ ਹੈ) |
| ੩. ਮੌਲਾ ਬਖ਼ਸ਼ ਕੁਸ਼ਤਾ, ਪੰਜਾਬੀ ਸ਼ਾਇਰਾਂ ਦਾ ਤਜ਼ਕਰਾ | ,, ੧੬੮੦ | ,, ੧੭੫੮ |
| ੪. ਲਾਜਵੰਤੀ ਰਾਮਾਕ੍ਰਿਸ਼ਨਾ, ਪੰਜਾਬੀ ਸੂਫ਼ੀ ਪੋਇਟਸ | ,, ੧੬੮੦ | ,, ੧੭੫੮ |

ਅਜਿਹੇ ਹੋਰ ਕਈ ਹਵਾਲਿਆਂ ਅਨੁਸਾਰ ਸਾਈਂ ਜੀ ਦਾ ਸਮਾਂ ੧੬੮੦ ਤੋਂ ੧੭੫੮ ਈ: ਹੈ। —ਸੰਪਾਦਕ

ਮੁ.ਗਲ ਰਾਜ-ਕਾਲ ਵਿਚ ਦੋ ਖ਼ੂਨੀ ਨਦੀਆਂ ਵਗਦੀਆਂ ਨਜ਼ਰ ਆਉਂਦੀਆਂ ਹਨ : ਇਕ ਮੁਗਲ-ਸ਼ਾਹੀ ਖ਼ਾਨਦਾਨ ਵਿਚੋਂ ਤੁਰਦੀ ਹੈ, ਜਿਸ ਵਿਚ ਉਸ ਘਰਾਣੇ ਦਾ ਆਪਣਾ ਖ਼ੂਨ ਵਗਦਾ ਹੈ। ਜਦ ਵੀ ਪਿਤਾ ਵਲੋਂ ਪੁਤ ਪਾਸ ਰਾਜ ਆਇਆ, ਖ਼ਾਨਦਾਨ ਦੇ ਸਭ ਛੋਟੇ ਵੱਡੇ ਤਖ਼ਤ ਦੇ ਦਾਅਵੇਦਾਰਾਂ ਦੇ ਖ਼ੂਨ ਵਿਚ ਨੁਚੜ ਕੇ ਆਇਆ, ਤੇ ਖ਼ੂਨੀ ਨਦੀ ਸਗਾਹੀਂ ਵਗ ਤੁਰੀ।[1] ਦੂਜੀ ਨਦੀ ਵਿਚ ਪਰਜਾ ਦਾ ਖ਼ੂਨ ਠਾਠਾਂ ਮਾਰਦਾ ਹੋਇਆ ਵਗਦਾ ਹੈ। ਪਹਿਲੀ ਨਦੀ ਰਾਜ ਦੀ ਪ੍ਰਾਪਤੀ ਲਈ ਵਗੀ ਤੇ ਦੂਜੀ ਰਾਜ ਦੀ ਪਕਿਆਈ ਤੇ ਅਸਲਾਮ ਦੀ ਸੇਵਾ ਹਿਤ ਚਲਦੀ ਰਹੀ। ਔਰੰਗਜ਼ੇਬ ਦੇ ਤਖ਼ਤ ਉਤੇ ਬਹਿਣ ਸਮੇਂ ਤੇ ਪਿਛੋਂ ਇਹ ਦਰਿਆ ਆਪਣੇ ਜੋਬਨ ਵਿਚ ਵਗੇ। ਔਰੰਗਜ਼ੇਬ ਦੀ ਮੌਤ ਤੇ ਫਿਰ ਬਹਾਦਰ ਸ਼ਾਹ ਦੇ ਕਾਲ-ਵੱਸ ਹੋਣ ਤੇ ਇਹਨਾਂ ਵਿਚ ਹੜ ਆ ਗਿਆ। ਬਹਾਦਰ ਸ਼ਾਹ, ਜਿਸ ਨੇ ਸਿੱਖਾਂ ਦੀ ਸਹਾਇਤਾ ਨਾਲ ਰਾਜ ਪ੍ਰਾਪਤ ਕੀਤਾ ਸੀ, ਨੇ ਇਸ ਨਦੀ ਨੂੰ ਇਸ ਤਰ੍ਹਾਂ ਹੜ ਵਾਲੀ ਹਾਲਤ ਵਿਚ ਰਖਿਆ ਕਿ ਮੁਹੰਮਦ ਸ਼ਾਹ ਦੀ ਮੌਤ ਤੋਂ ਪਿਛੋਂ ਵਡੇ ਘਲੂਘਾਰੇ ਤਕ ਇਸ ਨਦੀ ਵਿਚ ਨਿਰੋਲ ਸਿੱਖਾਂ ਦਾ ਹੀ ਖ਼ੂਨ ਵਹਿੰਦਾ ਰਿਹਾ।

ਪਹਿਲੋਂ ਸੁਲਤਾਨ ਇਬ੍ਰਾਹੀਮ ਲੋਧੀ ਦੇ ਰਾਜ-ਕਾਲ ਸਮੇਂ ਉਸ ਦੇ ਦੋਖੀਆਂ ਨੇ ਗ਼ੱਦਾਰੀ ਵਸ ਹੋ ਕੇ ਸਾਜ਼ਿਸ਼ ਰਚੀ। "੧੮ **ਭਾਰਤੀ ਸਪੂਤ**" ਖ਼ੁਫ਼ੀਆ ਤੌਰ ਤੇ ਅਫ਼ਗਾਨਿਸਤਾਨੋਂ ਅੱਗੇ ਫ਼ਰਗਾਨਾ ਦੀ ਜੂਹ ਵਿਚ ਬਾਬਰ ਪਾਸ ਪਹੁੰਚੇ। ਉਸ ਨੂੰ ਹਿੰਦੁਸਤਾਨ ਉਤੇ ਤਟ ਫਟ ਹਮਲੇ ਲਈ ਅਰਜ਼ੋਈ ਕੀਤੀ ਤੇ ਨਾਲ ਹੀ ਹਮਲੇ ਸਮੇਂ ਹਰ ਤਰ੍ਹਾਂ ਦੀ ਅੰਦਰੂਨੀ ਸਹਾਇਤਾ ਦਾ ਵਿਸ਼ਵਾਸ ਦਿਵਾਇਆ। ਇਬ੍ਰਾਹੀਮ ਦੇ ਰਾਜ-ਪ੍ਰਬੰਧ ਸੰਬੰਧੀ ਉਹ ਸਾਰੇ ਭੇਤ ਉਸ ਦੀ ਝੋਲੀ ਵਿਚ ਪਾ ਦਿਤੇ, ਜੋ ਉਸ ਦੀ ਜਿੱਤ ਨੂੰ ਯਕੀਨੀ ਬਣਾਉਂਦੇ ਸਨ। ਬਾਬਰ, ਜੋ ਦੋ ਸਾਲ ਤੋਂ ਨੰਗੇ ਪੈਰੀਂ ਭੁੱਖਾ ਤਿਹਾਇਆ ਆਪਣੇ ਵਤਨ ਵਿਚ ਆਪਣੇ ਹੱਕਾਂ ਲਈ ਲੜ ਮਰ ਰਿਹਾ ਸੀ ਤੇ ਸਫਲਤਾ ਅਜੇ ਦੂਰ ਦਿਸਦੀ ਸੀ, ਨੇ ਇਸ ਨੂੰ ਰੱਬੀ ਰਹਿਮਤ ਸਮਝਿਆ ਤੇ ਮੌਕਾ ਸੰਭਾਲਿਆ।

ਹਿੰਦੁਸਤਾਨੀ ਵਫ਼ਦ ਨੂੰ ਆਕਰਮੰਣ ਦਾ ਭਰੋਸਾ ਦੇ ਕੇ ਤੋਰ ਦਿਤਾ। ਬਾਬਰ ਨੇ ਤਿਆਰੀ ਵਿਚ ਬਹੁਤਾ ਸਮਾਂ ਨਹੀ ਲਾਇਆ। ਜਿਹੜਾ ਦੇਸ ਧਾੜਵੀ ਨੂੰ ਆਪਾਂ ਵਾਜਾਂ ਮਾਰ ਮਾਰ ਸੱਦੇ, ਉਹਨੂੰ ਜਿਤਣ ਲਈ ਕਿੰਨੀ ਕੁ



www.AKJ.Org

ਤਿਆਰੀ ਦੀ ਲੋੜ ਹੁੰਦੀ ਹੈ। ਮਹੀਨਿਆਂ ਵਿਚ ਹੋਣ ਵਾਲੀ ਤਿਆਰੀ ਦਿਨਾਂ ਵਿਚ ਕਰ ਕੇ ਸਿੰਧ ਨਦੀ ਆਣ ਟੱਪਿਆ। ਪੰਜਾਬ ਵਿਚਦੀ ਲੰਘਿਆ ਤੇ ਤਬਾਹੀ ਬਰਬਾਦੀ ਫੈਲਾਉਂਦਾ ਹੋਇਆ ਦਿਲੀ ਵਲ ਵਧਿਆ।

ਇਹਨੀਂ ਦਿਨੀਂ ਸ੍ਰੀ ਗੁਰੂ ਨਾਨਕ ਦੇਵ ਜੀ ਏਮਨਾਬਾਦ ਸਨ। ਉਹਨਾਂ ਮੌਤ ਦਾ ਨੰਗਾ ਨਾਚ ਤਕਿਆ। ਬੱਚਾ ਬੁੱਢਾ ਜਵਾਨ, ਜੋ ਕਾਬੂ ਆਇਆ, ਸੁੱਕਾ ਨਾ ਛੱਡਿਆ। ਅਬਲਾਵਾਂ ਦੀ ਬੇਪਤੀ ਹੋਈ। ਹਿੰਦੂ ਤੇ ਮੁਸਲਮਾਨ ਔਰਤਾਂ ਨਾਲ ਇਕੋ ਜਿਹਾ ਭੈੜਾ ਸਲੂਕ ਹੋਇਆ। ਸਾਧੂ ਮਹਾਤਮਾਂ ਤੇ ਪੀਰ ਫ਼ਕੀਰ ਵੀ ਨਾ ਬਚ ਸਕੇ। ਗੁਰੂ ਨਾਨਕ ਦੇਵ ਜੀ ਨੇ ਮਜ਼ਲੂਮਾਂ ਦੀ ਮੰਦੀ ਹਾਲਤ ਵੇਖ ਬਾਬਰ-ਗਰਦੀ ਵਿਰੁਧ ਨਾਅਰਾ ਮਾਰਿਆ :–

"ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥" (ਪੰਨਾ ੭੨੨)

ਅਕਾਲ ਪੁਰਖ ਦੇ ਹਜ਼ੂਰ ਜਨਤਾ ਵਲੋਂ ਕੀਤੀ ਜਾ ਰਹੀ ਰੋਸ ਭਰੀ ਫ਼ਰਿਆਦ ਦਸੀ–

"ਏਤੀ ਮਾਰ ਪਈ ਕਰਲਾਣੇ ਤੈਂ ਕੀ ਦਰਦੁ ਨ ਆਇਆ ॥" (ਪੰਨਾ ੩੬੦)

ਪਾਣੀਪਤ ਦੇ ਮੈਦਾਨ ਵਿਚ ਹਿੰਦੁਸਤਾਨ ਦੇ ਬਾਦਸ਼ਾਹ ਇਬ੍ਰਾਹੀਮ ਲੋਧੀ ਤੇ ਬਾਬਰ ਦੀਆਂ ਫੌਜਾਂ ਭਿੜੀਆਂ। ਲੋਧੀ ਮਾਰਿਆ ਗਿਆ ਤੇ ਹਿੰਦੁਸਤਾਨ ਦਾ ਰਾਜ ਭਾਗ ਮੁਗਲਾਂ ਸਾਂਭ ਲਿਆ। ਮੁਗਲ ਰਾਜ ਪਾਪ ਦੀ ਜੰਞ ਦੀ ਸਹਾਇਤਾ ਨਾਲ ਸਥਾਪਤ ਹੋਇਆ।

ਭੰਗ ਅਫ਼ੀਮ ਤੇ ਸ਼ਰਾਬ ਤੇ ਜਸ਼ਨਾਂ ਦਾ ਰਸੀਆ ਬਾਬਰ ਪੱਕਾ ਮੁਸਲਮਾਨ ਸੀ। ਅਸਲਾਮ ਦੇ ਵਾਧੇ ਲਈ ਯਥਾ-ਸ਼ਕਤ ਉਪਰਾਲਾ ਕੀਤਾ। ਮੰਦਰ ਢਠਦੇ ਰਹੇ ਤੇ ਮਸਜਦਾਂ ਉਸਰਦੀਆਂ ਰਹੀਆਂ। ਪਰ ਇਸ ਦੇ ਨਾਲ ਇਕ ਅਨੋਖਾ ਪੱਖ ਵੀ ਮੰਨਣਾ ਪਵੇਗਾ ਕਿ ਬਾਬਰ ਦੇ ਰਾਜ-ਕਾਲ ਵਿਚ ਕੱਠ-ਮੁਲਾਵਾਦ ਹਾਵੀ ਨਹੀਂ ਸੀ। ਉਸ ਨੇ ਅਸਲਾਮ ਦਾ ਵਾਧਾ ਇਸ ਸਹਿਜ ਢੰਗ ਨਾਲ ਕੀਤਾ, ਜਿਸ ਵਿਚ ਤਲਵਾਰ ਨੂੰ ਬਹੁਤ ਘਟ ਦਖ਼ਲ ਸੀ। ਕੱਟੜ-ਪੰਥੀ ਮੁਲਾਣਿਆਂ ਦੀ ਜ਼ਬਾਨ ਵੀ ਬੰਦ ਰਖੀ ਤੇ ਹਿੰਦੂ ਪਰਜਾ ਨੂੰ ਔਰੰਗਜ਼ੇਬ ਵਾਂਗ ਜਿਚ ਨਹੀਂ ਕੀਤਾ ਕਿ ਚੁਫੇਰਿਓਂ ਹਾਹਾਕਾਰ ਮੱਚ ਉਠੇ। ਮੁਸਲਮਾਨ ਬਾਦਸ਼ਾਹਾਂ ਨੂੰ ਰੱਬ ਦੇ ਭੈ ਤੇ ਪਰਜਾ ਦੇ ਸੁਖ ਨਾਲੋਂ ਮੁਲਾਣਿਆਂ ਮੁਫ਼ਤੀਆਂ ਦੀ ਖ਼ੁਸ਼ਨੂਦੀ ਦੀ ਬਹੁਤੀ ਚਿੰਤਾ ਰਹਿੰਦੀ ਸੀ।

ਬਾਬਰ ਤੋਂ ਪਿਛੋਂ ਉਸ ਦਾ ਪਲੇਠੀ ਪੁਤ ਹਮਾਯੂੰ ਤਖ਼ਤ ਦਾ ਵਾਰਸ ਬਣਿਆ। ਬਾਬਰ ਵਰਗਾ ਹੱਠ ਤੇ ਜੇਰਾ ਇਸ ਵਿਚ ਨਹੀਂ ਸੀ। ਜਦ ਸ਼ੇਰ ਸ਼ਾਹ ਨੇ ਇਸ ਨੂੰ ਮੁਲਕੋਂ ਕਢ ਦਿਤਾ ਤਾਂ ਨਸਿਆ ਜਾਂਦਾ ਗੋਇੰਦਵਾਲ ਦਾ ਪੱਤਣ ਟੱਪ ਕੇ ਰਾਹੋਂ ਹਟ ਕੇ ਖਡੂਰ ਸਾਹਿਬ ਵਲ ਨੂੰ ਹੋ ਗਿਆ। ਗੁਰੂ ਨਾਨਕ ਦੀ ਦੂਜੀ ਜੋਤਿ ਸ੍ਰੀ ਗੁਰੂ ਅੰਗਦ ਦੇਵ ਜੀ ਤੋਂ ਅਸ਼ੀਰਵਾਦ ਦੀ ਆਸ ਤੇ ਤਮੰਨਾ ਸੀ। ਪਰ ਸਿਰ ਵਿਚ ਪਾਤਸ਼ਾਹੀ ਜਾਹੋ-ਜਲਾਲ ਦਾ ਫ਼ਤੂਰ ਅਜੇ ਵੀ ਕਾਇਮ ਸੀ, ਭਾਵੇਂ ਪਾਤਸ਼ਾਹੀ ਤੋਂ ਹੱਥ ਧੋ ਬੈਠਾ ਸੀ ਤੇ ਮੈਦਾਨ ਵਿਚੋਂ ਭਗੌੜਾ ਹੋ ਤੁਰਿਆ ਸੀ। ਗੁਰੂ ਜੀ ਆਪਣੇ ਮਾਲਿਕ ਦੇ ਸਿਮਰਨ ਵਿਚ ਲੀਨ ਸਨ, ਨਾ ਉਠੇ। ਫੋਕੀ ਮਾਨ ਵਡਿਆਈ ਦੀ ਭਾਵਨਾ ਵਸ ਹਮਾਯੂੰ ਨੇ ਆਪਣੀ ਹਤਕ ਸਮਝੀ ਤੇ ਤਲਵਾਰ ਖਿਚ ਲਈ। ਅ-ਹਿਲ ਬੈਠੇ ਸਤਿਗੁਰੂ ਜੀ ਨੇ ਕਿਹਾ, "ਮੈਦਾਨ ਵਿਚ ਲੋੜ ਵੇਲੇ ਇਹ ਤਲਵਾਰ ਕਿਧਰ ਗਈ ਸੀ ?" ਸੁਣ ਕੇ ਤਲਵਾਰ ਤੇ ਸਿਰ ਆਪਣੇ ਆਪ ਝੁਕ ਗਿਆ। ਗੋਡਿਆਂ ਭਾਰ ਹੋ ਕੇ ਭੁਲ ਬਖ਼ਸ਼ਾਈ ਤੇ ਅਸੀਸ ਲਈ, ਖੁਸੇ ਰਾਜ ਲਈ ਜੋਦੜੀ ਕੀਤੀ। ਗੁਰੂ ਜੀ ਨੇ ਮੁਸਕ੍ਰਾ ਕੇ ਅਸੀਸ ਦੇਂਦਿਆਂ ਕਿਹਾ, "ਜਾਹ ਧੀਰਜ ਰਖ, ਸਮਾਂ ਪਾ ਕੇ ਮਿਲ ਜਾਵੇਗਾ।"

ਸਮਾਂ ਪਾ ਕੇ ਰਾਜ ਵਾਪਸ ਮਿਲ ਗਿਆ। ਗੁਰੂ ਨਾਨਕ ਦੇ ਘਰ ਦੀ ਵਡਿਆਈ ਹੈ ਕਿ ਤਲਵਾਰ ਚੁਕਣ ਵਾਲੇ ਨੂੰ ਵੀ ਮੂੰਹ-ਮੰਗੀ ਮੁਰਾਦ ਮਿਲਦੀ ਹੈ।

ਹਮਾਯੂੰ ਦੇ ਸਮੇਂ ਵਿਚ ਵੀ ਦਰਬਾਰ ਦੇ ਕਾਰ-ਵਿਹਾਰ ਤੇ ਵਿਸ਼ੇਸ਼ ਅਸਰ ਸੀ। ਰਾਜ-ਪ੍ਰਾਪਤੀ ਤੋਂ ਬਾਅਦ ਹਮਾਯੂੰ ਬਹੁਤੀ ਦੇਰ ਜੀਊ ਨਾ ਸਕਿਆ। ਇਕ ਸ਼ਾਮ ਆਪਣੇ ਕੁਤਬ-ਖ਼ਾਨੇ ਦੀਆਂ ਪੌੜੀਆਂ ਤੋਂ ਡਿਗ ਕੇ ਦਮ ਤੋੜ ਗਿਆ। ਕਿਹਾ ਜਾ ਸਕਦੈ ਕਿ ਇਸ ਦਾ ਸਮਾਂ ਪਰਜਾ ਵਾਸਤੇ ਦੁਖਦਾਈ ਨਹੀਂ ਸੀ। ਕੱਠ-ਮੁਲੇ ਇਸ ਹਥੋਂ ਪਰਜਾ ਦਾ ਖ਼ੂਨ ਨਹੀਂ ਡੁਲ੍ਹਾ ਸਕੇ।



www.AKJ.Org

ਹੁਣ ਰਾਜ-ਗੱਦੀ ਤੇ ਬਾਬਰ ਦਾ ਪੋਤਾ ਅਕਬਰ ਬੈਠਾ। ਅਕਬਰ ਦਾ ਸਮਾਂ ਗੈਰ-ਮੁਸਲਮਾਨਾਂ ਵਾਸਤੇ ਬਿਲਕੁਲ ਸੁਖਾਵਾਂ ਤੇ ਅਮਨ-ਅਮਾਨ ਵਾਲਾ ਸੀ। ਮੁਸਲਮਾਨ ਸੂਫੀ ਸੰਤਾਂ ਦੀ ਵਿਚਾਰ-ਧਾਰਾ ਤੇ ਅਲਮ-ਬਰਦਾਰ ਸੰਤ ਮੀਆਂ ਮੀਰ ਦਾ ਅਕਬਰ ਦੇ ਦਰਬਾਰ ਵਿਚ ਬੜਾ ਆਦਰ ਮਾਣ ਸੀ ਤੇ ਉਨ੍ਹਾਂ ਦਾ ਬੜਾ ਅਸਰ ਵੀ ਮੰਨਿਆ ਜਾਂਦਾ ਸੀ। ਭਾਵੇਂ ਮੁਲਾਣਿਆਂ ਮੌਲਵੀਆਂ ਦੀ ਕੋਈ ਪੇਸ਼ ਨਹੀਂ ਸੀ ਜਾਂਦੀ, ਪਰ ਉਹ ਅੰਦਰੋ ਅੰਦਰੀ ਵਿਹੁ ਘੋਲੀ ਜਾਂਦੇ। ਮੀਆਂ ਮੀਰ ਤੇ ਅਬੁਲ-ਫ਼ਜ਼ਲ ਦੇ ਹੁੰਦਿਆਂ ਉਨ੍ਹਾਂ ਦਾ ਕੋਈ ਅਸਰ ਬਣ ਜਾਵੇ, ਬਿਲਕੁਲ ਅਸੰਭਵ ਸੀ।

ਅੰਨ੍ਹੇ ਕੱਟੜਪੁਣੇ ਤੇ ਤੁਅਸਬ ਦਾ ਮੋਢੀ ਖ਼ਾਜਾ ਬਾਕੀ ਬਿੱਲਾ ਦਹਿਲਵੀ ਸੀ। ਇਸ ਨੇ ਅੱਗੇ ਆਪਣੇ ਵਰਗੀ ਵਿਹੁ ਦੀ ਗੰਦਲ ਪੈਦਾ ਕੀਤੀ, ਜੋ ਸ਼ੇਖ ਅਹਿਮਦ ਸਰਹੰਦੀ ਨਕਸ਼ਬੰਦੀ ਮੁਜੱਦਦ ਅਲਫ਼ ਸਾਨੀ ਦੇ ਨਾਉਂ ਨਾਲ ਜਾਣਿਆ ਜਾਂਦਾ ਹੈ। ਅਕਬਰ ਦੀ ਖੁਲ੍ਹ ਦਿਲੀ ਤੇ ਹਿੰਦੂਆਂ ਮੁਸਲਮਾਨਾਂ ਨੂੰ ਇਕ ਅੱਖ ਨਾਲ ਵੇਖਣ ਤੇ ਉਸ ਦੇ ਦੀਨੇ-ਇਲਾਹੀ ਦੇ ਕਾਰਨ ਅਕਬਰ ਦਾ ਵੱਡਾ ਵਿਰੋਧੀ ਇਹੋ ਸੀ। ਸੁੰਨੀ ਮੁਸਲਮਾਨਾਂ ਤੋਂ ਬਿਨਾਂ ਦੂਜੇ ਫ਼ਿਰਕਿਆਂ ਦੇ ਮੁਸਲਮਾਨ ਵੀ ਇਸ ਨੂੰ ਪਸੰਦ ਨਹੀਂ ਸਨ। ਗੈਰ-ਮੁਸਲਮਾਨਾਂ ਨੂੰ ਤਾਂ ਜਿਊਂਦਿਆਂ ਹੀ ਦੋਜ਼ਖ ਦੀ ਭੱਠੀ ਵਿਚ ਝੋਕਣ ਲਈ ਨਿਤ ਤਤਪਰ ਰਹਿੰਦਾ ਸੀ। ਅਕਬਰ ਦੇ ਦੌਰ ਦੇ ਆਖਰੀ 6 ਸਾਲਾਂ ਨੂੰ ਛੱਡ ਕੇ ਬਾਕੀ ਸਮੇਂ ਵਿਚ ਇਸ ਦੀ ਕੋਈ ਦਾਲ ਨਾ ਗਲੀ। ਇਹਨਾਂ ਪਿਛਲੇ ਸਾਲਾਂ ਵਿਚ, ਜਦ ਕਿ ਅਕਬਰ ਬੁਢਾ ਹੋ ਚੁਕਾ ਸੀ, ਸ਼ਾਹਜ਼ਾਦਾ ਸਲੀਮ, ਜੋ ਪਿਛੋਂ ਜਹਾਂਗੀਰ ਦੇ ਨਾਂ ਨਾਲ ਪ੍ਰਸਿਧ ਹੋਇਆ, ਇਸ ਕੱਟੜ ਮੁਲਾਣੇ ਦੇ ਟੇਟੇ ਚੜ੍ਹ ਗਿਆ। ਜਿਹੜੇ ਕੱਟੜ ਕਿਸਮ ਦੇ ਮਨਸਿਬਦਾਰ ਸਨ ਤੇ ਇਸ ਦੀ ਪਹੁੰਚ ਵਿਚ ਸਨ, ਉਨ੍ਹਾਂ ਨੂੰ ਇਸ ਨੇ ਚਿੱਠੀਆਂ ਲਿਖ ਲਿਖ ਤੇ ਅਸਲਾਮ ਦਾ ਰੁੜ੍ਹਦਾ ਬੇੜਾ ਬਚਾਉਣ ਦੇ ਵਾਸਤੇ ਪਾ ਪਾ ਆਪਣੇ ਅਸਰ ਥਲੇ ਲਿਆਂਦਾ, ਤਾਕਿ ਉਹ ਹਰ ਪਲ ਬਾਦਸ਼ਾਹ ਦੇ ਲਾਗੇ ਹੋਣ ਕਾਰਨ ਉਸ ਨੂੰ ਉਹਨਾਂ ਸਾਰੀਆਂ ਗੱਲਾਂ ਤੋਂ ਪਿਛਾਂਹ ਹਟਾ ਲੈਣ ਜਿਨ੍ਹਾਂ ਦੀ ਅਕਬਰ ਨੇ ਖੁਲ੍ਹ ਦਿਤੀ ਹੋਈ ਸੀ। ਅਕਬਰ ਦੇ ਵਿਰੁਧ ਉਸ ਦੇ ਮਨ ਵਿਚ ਘਿਰਣਾ ਪੈਦਾ ਕੀਤੀ ਜਾਵੇ। ਚਾਲਾਂ ਸਫਲ ਹੋਈਆਂ। ਸਲੀਮ ਨੂੰ ਪਿਉ ਨਾਲੋਂ ਪਾੜ ਲਿਆ।

ਸਲੀਮ ਦੇ ਲਛਣ ਚੰਗੇ ਨਾ ਹੋਣ ਕਰਕੇ ਅਕਬਰ ਉਸ ਦੇ ਪੁਤ ਖੁਸਰੋ ਨੂੰ ਹਮੇਸ਼ਾ ਆਪਣੇ ਨਾਲ ਰਖਦਾ ਤੇ ਉਸ ਦੀ ਹਰ ਪੱਖੋਂ ਦੇਖ-ਭਾਲ ਕਰ ਰਿਹਾ ਸੀ, ਤਾਕਿ ਸਮਾਂ ਕਰੀਬ ਹੋਣ ਕਰਕੇ ਰਾਜ ਉਸ ਨੂੰ ਦਿਤਾ ਜਾਵੇ। ਅਕਬਰ ਦੇ ਇਸ ਇਰਾਦੇ ਨੂੰ ਸ਼ੇਖ ਸਰਹੰਦੀ ਨੇ ਖ਼ੂਬ ਵਰਤਿਆ। ਮੱਛੀ ਦੇ ਗਲ ਵਿਚ ਫਸੇ ਕਾਂਟੇ ਵਾਂਗ ਰਾਜ ਦੇ ਲਾਲਚ ਦਾ ਕੰਡਾ ਸਲੀਮ ਦੇ ਹਲਕ ਵਿਚ ਚੰਗੂੰ ਫਸਾ ਦਿਤਾ। ਰਾਜ ਦਾ ਲਾਲਚ ਕੰਗਲੇ ਨੂੰ ਵੀ ਉਤੇਜਤ ਕਰ ਦੇਂਦਾ ਹੈ। ਸਲੀਮ ਤਾਂ ਸੰਸਾਰ ਦੇ ਸ਼ਕਤੀਸ਼ਾਲੀ ਸਮਰਾਟ ਦਾ ਪੁੱਤ ਸੀ, ਤੇ ਪੁੱਤ ਵੀ ਇਕਲੌਤਾ। ਭਲਾ ਉਸ ਦਾ ਹੱਕ ਕੌਣ ਦਬਾਵੇ? ਸਲੀਮ ਨੂੰ ਹੋਰ ਵੀ ਉਕਸਾਇਆ ਗਿਆ ਕਿ ਹਿੰਦੁਸਤਾਨ ਦਾ ਰਾਜ ਖੁਸਰੋ ਪਾਸ ਜਾਣਾ ਅਸਲਾਮ ਲਈ ਹਾਨੀਕਾਰਕ ਹੋਵੇਗਾ। ਉਸ ਨੂੰ ਹਿੰਦੁਸਤਾਨ ਦਾ ਬਾਦਸ਼ਾਹ ਬਨਾਉਣ ਲਈ ਵਡੇ ਵਡੇ ਫ਼ੌਜੀ ਅਫ਼ਸਰਾਂ ਦੀ ਸਹਾਇਤਾ ਦਾ ਵਿਸ਼ਵਾਸ ਦਿਵਾਇਆ। ਸਲੀਮ ਪਾਸੋਂ ਵੀ ਇਸ ਕਿਸਮ ਦੀ ਸਹਿਮਤੀ ਲਈ ਗਈ ਕਿ ਰਾਜ-ਸੱਤਾ ਹੱਥ ਵਿਚ ਆਉਂਦਿਆਂ ਸਾਰ, ਦਿਤੀ ਗਈ ਸੂਚੀ ਮੁਤਾਬਕ ਫਲਾਣੇ ਫਲਾਣੇ ਆਦਮੀ ਬਾਦਸ਼ਾਹਤ ਦੀ ਪਕਿਆਈ ਤੇ ਅਸਲਾਮ ਦੇ ਵਾਧੇ ਲਈ ਮਾਰੇ ਜਾਣੇ ਅਤੀ ਜ਼ਰੂਰੀ ਹਨ। ਇਸ ਸੂਚੀ ਵਿਚ ਗੁਰੂ ਅਰਜਨ ਦੇਵ ਜੀ ਦਾ ਨਾਉਂ ਸਭ ਤੋਂ ਉਪਰ ਸੀ।

ਅਕਬਰ ਦੇ ਜੀਊਂਦਿਆਂ ਸ਼ੇਖ ਕੁਜੀ ਵਿਚ ਪਾਇਆ ਡੱਕਿਆ ਰਿਹਾ। ਉਸ ਦੇ ਹੁੰਦਿਆਂ ਇਸ ਦੇ ਤੁਅੱਸਬ ਦੀ ਕੋਈ ਵਟਤ ਨਹੀਂ ਸੀ। ਸੋ ਅਕਬਰ ਨੂੰ ਜ਼ਹਿਰ ਦੇ ਕੇ ਮਰਵਾਉਣ ਦਾ ਯਤਨ ਕੀਤਾ ਗਿਆ। ਸ਼ਾਹੀ ਤਬੀਬਾਂ ਵੇਲੇ ਸਿਰ ਸੰਭਾਲ ਲਿਆ, ਅਕਬਰ ਬਚ ਗਿਆ। ਦਰਬਾਰੀਆਂ ਵਿਚ ਸਭ ਤੋਂ ਵੱਡਾ ਨਿਸ਼ਾਨਾ ਅਬੁਲ ਫ਼ਜ਼ਲ ਸੀ। ਇਸ ਦੇ ਹੁੰਦਿਆਂ ਸ਼ੇਖ ਦਾ ਦੀਵਾ ਬਲਣਾ ਔਖਾ ਸੀ। ਸਾਜ਼ਿਸ਼ ਕਰ ਕੇ ਇਸ ਨੂੰ ਸਲੀਮ ਨੇ, ਜਦ ਇਹ ਬਾਦਸ਼ਾਹੀ ਹੁਕਮ ਤਹਿਤ ਦਖਣ ਵਲੋਂ ਆਗਰੇ ਨੂੰ ਆ ਰਿਹਾ ਸੀ, ਗਵਾਲੀਅਰ ਲਾਗੇ ਕਤਲ ਕਰਵਾ ਦਿਤਾ[2]। ਇਹ ਕਾਰਾ ਅਕਬਰ ਲਈ ਇਕ ਅਸਹਿ ਸਦਮਾ ਸੀ।



www.AKJ.Org

ਅਕਬਰ 1605 ਈ: ਵਿਚ ਇਸ ਫ਼ਾਨੀ ਦੁਨੀਆ ਤੋਂ ਚਲ ਵਸਿਆ। ਸਲੀਮ ਜਹਾਂਗੀਰ ਦੇ ਲਕਬ ਨਾਲ ਹਿੰਦੁਸਤਾਨ ਦੇ ਤਖ਼ਤ ਤੇ ਬੈਠਾ। ਸੂਫ਼ੀ ਸੰਤਾਂ ਤੇ ਸੁਲਹਾ-ਕੁਲ ਖ਼ਿਆਲਾਂ ਦੀ ਥਾਂ ਕੱਟੜ-ਪੰਥੀ ਮੁਲਾਣਿਆਂ ਤੇ ਤੁਅੱਸਬ ਨੇ ਲੈ ਲਈ। ਸਾਈਂ ਮੀਆਂ ਮੀਰ ਜੀ, ਅਬੁਲ ਫ਼ਜ਼ਲ ਦੇ ਕਤਲ ਪਿਛੋਂ ਦਰਬਾਰ ਨਾਲੋਂ ਸਾਂਝ ਤੋੜ ਕੇ ਲਾਹੌਰ ਆ ਗਏ। ਹੁਣ ਕੱਠ-ਮੁਲੇ ਖੁਲ੍ਹ ਖੇਡ ਰਹੇ ਸਨ।

ਛੇਤੀ ਹੀ ਖੁਸਰੋ ਨੇ ਬਗ਼ਾਵਤ ਕਰ ਦਿਤੀ। ਇਹ ਇਕ ਚੰਗਾ ਵਧੀਆ ਢੁਚਰ ਹੱਥ ਆ ਗਿਆ। ਜਿਥੇ ਉਸ ਦੇ ਸਾਥੀ ਕੋਹ ਕੋਹ ਕੇ ਮਾਰੇ ਗਏ ਉਥੇ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਫੜ ਲਿਆ ਗਿਆ ਤੇ ਬੇਹਦ ਤਸੀਹੇ ਦੇ ਕੇ ਸ਼ਹੀਦ ਕੀਤਾ ਗਿਆ। ਸ਼ੇਖ ਸਰਹੰਦੀ, ਜੋ ਇਸ ਕਾਰੇ ਦਾ ਮੋਢੀ ਸੀ, ਨੇ ਆਪਣੀ ਖੁਸ਼ੀ ਦਾ ਪ੍ਰਗਟਾਵਾ ਫ਼ਰੀਦ ਖ਼ਾਨ ਉਰਫ਼ ਮੁਰਤਜ਼ਾ ਖ਼ਾਨ ਨੂੰ ਲਿਖੀ ਚਿੱਠੀ ਵਿਚ ਕਰਦਾ ਹੈ।[3] ਇਹ ਉਹ ਮੁਰਤਜ਼ਾ ਖ਼ਾਨ ਹੈ, ਜਿਸ ਨੂੰ ਗੁਰੂ ਅਰਜਨ ਦੇਵ ਜੀ ਦਾ ਘਰ ਘਾਟ ਜ਼ਬਤ ਕਰਨ ਦਾ ਹੁਕਮ ਮਿਲਿਆ ਸੀ।

**ਜਹਾਂਗੀਰ ਦੇ ਸਮੇਂ ਤੋਂ ਅਗੇ ਸ਼ੇਖ ਸਰਹੰਦੀ ਦੇ ਕੱਟੜਪੁਣੇ ਤੇ ਤੁਅਸਬ ਭਰੀ ਵਿਚਾਰਧਾਰਾ ਰਖਣ ਵਾਲਿਆਂ ਦਾ ਸਰਕਾਰੇ ਦਰਬਾਰੇ ਬੋਲ-ਬਾਲਾ ਹੋ ਗਿਆ, ਜਿਸ ਕਾਰਨ ਮੁਗ਼ਲਾਂ ਨਾਲ ਸਿੱਖਾਂ ਦੀ ਟੱਕਰ ਦਾ ਬਾਨ੍ਹਣੂੰ ਬਝਾ। ਇਹ ਖ਼ੂਨੀ ਟੱਕਰ ਸਾਲਾਂ ਬੱਧੀ ਚਲਦੀ ਰਹੀ, ਜੋ ਮੁਗ਼ਲ ਰਾਜ ਸਮਾਪਤ ਹੋਣ ਤੇ ਹੀ ਮੁਕੀ।**

ਜਹਾਂਗੀਰ ਨਾਲੋਂ ਸਿਖ ਸ਼ੇਖ ਅਹਿਮਦ ਸਰਹੰਦੀ ਨੂੰ ਵਧੇਰੇ ਰੜਕਦੇ ਸਨ। ਇਹ ਬਾਦਸ਼ਾਹ ਨੂੰ ਸਿੱਖਾਂ ਵਿਰੁਧ ਲੂਬੀ ਤਾਅ ਦਈ ਰਖਦਾ ਸੀ। ਸਿੱਖਾਂ ਨੂੰ ਅਸਲਾਮ ਦਾ ਵੈਰੀ ਗਰਦਾਨਦਾ, ਜਦ ਕਿ ਇਹ ਗੱਲ ਸਚਾਈ ਦੇ ਬਿਲਕੁਲ ਉਲਟ ਸੀ। ਹੱਕੋ ਹੱਕ ਤਾਂ ਇਹ ਹੈ ਕਿ ਗੁਰੂ ਨਾਨਕ ਦਾ ਧਰਮ-ਉਪਦੇਸ਼ ਮਨੁਖ ਮਾਤਰ ਵਿਚ ਈਰਖਾਲੂਆਂ ਵਲੋਂ ਪਾਈਆਂ ਵੰਡਾਂ ਤੇ ਊਚ ਨੀਚ ਨੂੰ ਮੇਟ ਕੇ ਸਭਨਾਂ ਨੂੰ ਇਕ ਮਾਲਿਕ ਦਾ ਨੂਰ ਮੰਨਦਾ ਹੈ ਤੇ ਪ੍ਰੇਮ ਦੇ ਬੰਧਨ ਵਿਚ ਬੰਨ੍ਹਦਾ ਹੈ। ਧਰਮ ਦੀ ਕਿਰਤ ਕਰਨੀ, ਵੰਡ ਛਕਣਾ, ਸੇਵਾ, ਸਰਬੱਤ ਦਾ ਭਲਾ, ਇਕ ਮਾਲਿਕ ਦੀ ਪੂਜਾ ਲਈ ਪ੍ਰੇਰਦਾ ਹੈ। ਜ਼ਾਤ ਪਾਤ, ਊਚ ਨੀਚ, ਛੂਆਛਾਤ ਦਾ ਸਦਾ ਲਈ ਖ਼ਾਤਮਾ ਚਾਹੁੰਦਾ ਹੈ। ਕਿਰਤ ਦੀ ਮਹਾਨਤਾ ਤੇ ਗਿਆਨ ਨੂੰ ਉਤਮ ਮੰਨਦਾ ਹੈ। ਇਹ ਆਤਮਕ ਸੇਧ ਐਸਾ ਮਨੁਖ ਮਾਤਰ ਸਿਰਜਦੀ ਹੈ ਜਿਸ ਦੇ ਭਾਈਚਾਰੇ ਵਿਚ ਸਾਰੇ ਕੁਦਰਤੀ ਵਸੀਲੇ ਸਾਂਝੇ ਤੇ ਕਿਰਤ ਨੂੰ ਪਹਿਲ ਤੇ ਵਡਿਆਈ ਮਿਲਦੀ ਹੈ। ਹਰ ਧਰਮ ਨੂੰ ਖੁਲ੍ਹ ਤੇ ਸਤਿਕਾਰ ਦੇਂਦਾ ਹੈ।

## ਫੁਟਨੋਟ ਅਤੇ ਹਵਾਲੇ

1. ਔਰੰਗਜ਼ੇਬ ਨੇ ਰਾਜ-ਪ੍ਰਾਪਤੀ ਲਈ ਆਪਣੇ ਕੁਟੰਬ ਨਾਲ ਕੀ ਕੀ ਕੀਤਾ, ਵਿਸ਼ੇਸ਼ ਤੌਰ ਤੇ ਦਾਰਾ ਨਾਲ ਸਲੂਕ ਬਾਰੇ ਇਸ਼ਾਰਾ ਪਹਿਲਾਂ ਵੀ ਕੀਤਾ ਜਾ ਚੁਕਾ ਹੈ। ਪਾਠਕਾਂ ਦੀ ਵਾਕਫ਼ੀ ਲਈ ਇਸ ਧਰਮੀ ਤੇ ਅਸਲਾਮ ਦੇ ਰਾਖੇ ਬਾਦਸ਼ਾਹ ਨੇ ਸੱਕੇ ਭਰਾ ਨਾਲ ਕੀ ਵਿਉਹਾਰ ਕੀਤਾ, ਇਸ ਵਾਕਿਆ ਨੂੰ ਪਾਠਕਾਂ ਦੀ ਆਗਿਆ ਨਾਲ ਕੁਝ ਵਿਸਥਾਰ ਨਾਲ ਲਿਖਿਆ ਜਾਂਦਾ ਹੈ।

ਰਾਜ-ਬਦਲੀ ਵੇਲੇ ਮੁਗਲ ਘਰਾਣੇ ਵਿਚ ਕੀ ਵਾਪਰਦਾ ਸੀ ? ਰਾਜ-ਪ੍ਰਾਪਤੀ ਲਈ ਵੱਡੀ ਟੱਕਰ ਦਾਰਾ ਸ਼ੁਕੋਹ ਤੇ ਔਰੰਗਜ਼ੇਬ ਵਿਚ ਹੋਈ। ਦਾਰਾ ਹਾਰ ਖਾ ਕੇ ਈਰਾਨ ਵਲ ਨੂੰ ਭਜ ਤੁਰਿਆ, ਤਾਕਿ ਮਦਦ ਲੈ ਕੇ ਫਿਰ ਰਾਜ ਪ੍ਰਾਪਤ ਕਰ ਸਕੇ। ਦਾਰਾ ਜਦ ਸਿੰਧ ਟੱਪ ਕੇ ਈਰਾਨ ਵਲ ਚਲੇ ਜਾਣ ਦੇ ਇਰਾਦੇ ਨਾਲ ਬੋਲਾਨ ਦੱਰੇ ਵਲ ਵਧ ਰਿਹਾ ਸੀ ਤਾਂ ਕੁਝ ਸਮੇਂ ਵਾਸਤੇ ਸਿਰ-ਲੁਕਾਵੇ ਲਈ ਮਲਕ ਜੀਵਨ, ਜੋ ਦਾਦਰ ਦਾ ਤਕੜਾ ਜ਼ਿਮੀਦਾਰ ਸੀ ਤੇ ਜਿਸ ਨੂੰ ਇਕ ਅਪਰਾਧ ਦੇ ਦੰਡ ਵਜੋਂ ਸ਼ਾਹਜਹਾਨ ਨੇ ਹਾਥੀ ਦੇ ਪੈਰਾਂ ਥਲੇ ਕੁਚਲ ਕੇ ਮਾਰਨ ਦਾ ਹੁਕਮ ਦਿਤਾ ਸੀ, ਨੂੰ ਆਪਣੇ ਬਾਪ ਸ਼ਾਹਜਹਾਨ ਤੋਂ ਮਿੰਨਤ ਸਮਾਜਤ ਕਰ ਕੇ ਮੁਆਫ਼ੀ ਦਿਵਾ ਕੇ ਜਾਨ ਬਚਾਈ ਸੀ, ਨੂੰ ਔਖੀ ਘੜੀ ਵੇਲੇ ਸੁਨੇਹਾ ਘਲਾਇਆ। ਉਸ ਨੇ ਦੋ ਮੀਲ ਅਗੇ ਵਧ ਕੇ ਸੁਆਗਤ ਕੀਤਾ ਤੇ ਪੂਰੇ ਮਾਣ ਸਤਿਕਾਰ ਨਾਲ ਘਰ ਲੈ ਗਿਆ। ਦਾਦਰ ਵਲ ਆਉਂਦਿਆਂ ਦਾਰਾ ਦੀ ਬੇਗਮ ਦਵਾਈ ਖੁਣੋਂ ਹੈਜ਼ੇ ਨਾਲ ਮਰ ਗਈ। ਸੁਲੇਮਾਨ ਸ਼ੁਕੋਹ ਪਹਿਲਾਂ ਹੀ ਸਾਮੂਗੜ੍ਹ ਦੀ ਲੜਾਈ ਵਿਚ ਮਾਰਿਆ ਗਿਆ ਸੀ, ਘਰ ਵਾਲੀ ਹੁਣ ਮਰ ਗਈ। ਦਾਰਾ ਸ਼ੁਕੋਹ ਦਾ ਦਿਲ ਟੁਟ ਗਿਆ। ਲਗਭਗ ੬ ਜੂਨ ਨੂੰ ਉਹ ਮਲਕ ਦੇ ਘਰ ਆਇਆ ਸੀ।



www.AKJ.Org

੯ ਜੂਨ ੧੬੫੮ ਈ: ਨੂੰ ਜਦ ਉਹ ਬੁਲਾਨ ਵਲ ਵਧਣ ਲੱਗਾ ਤਾਂ ਇਸ ਅਕ੍ਰਿਤਘਣ ਮਲਕ ਜੀਵਨ ਨੇ ਉਸ ਨੂੰ ਬੰਦੀ ਬਣਾ ਲਿਆ। ਦਾਰਾ ਦਾ ਪਿੱਛਾ ਕਰਦੇ ਹੋਏ ਬਹਾਦਰ ਖਾਨ ਤੇ ਜੈ ਸਿੰਘ ਸਿੰਧ ਟੱਪ ਆਏ ਸਨ। ੨੩ ਜੂਨ ਨੂੰ ਮਲਕ ਜੀਵਨ ਨੇ ਦਾਰਾ, ਸਿਪਹਿਰ ਸ਼ੁਕੋਹ ਤੇ ਦੋਵੇਂ ਲੜਕੀਆਂ ਬਹਾਦਰ ਖ਼ਾਨ ਦੇ ਹਵਾਲੇ ਕਰ ਦਿਤੇ। ਇਨ੍ਹਾਂ ਬੰਦੀਆਂ ਨੂੰ ਲੈ ਕੇ ਬਹਾਦਰ ਖਾਨ ਤੇ ਜੈ ਸਿੰਘ ਦਿੱਲੀ ਨੂੰ ਮੁੜ ਪਏ।

ਜਦ ਦਿਲੀ ਪੁਜ ਗਏ ਤਾਂ ਔਰੰਗਜ਼ੇਬ ਨੇ ਉਹਨਾਂ ਨੂੰ ਆਪਣੇ ਗ਼ੁਲਾਮ ਨਾਜ਼ਰ ਬੇਗ ਦੇ ਹਵਾਲੇ ਕਰ ਦਿਤਾ, ਤਾ ਕਿ ਯੋਗ ਮੌਕਿਆ ਤੇ ਇਹਨਾਂ ਦਾ ਕੰਮ ਤਮਾਮ ਕਰ ਦੇਵੇ। ਔਰੰਗਜ਼ੇਬ ਨੇ ਨਾਲ ਹੀ ਹੁਕਮ ਦਿਤਾ ਕਿ ਇਸਨੂੰ ਦਿਲੀ ਦਿਆਂ ਬਾਜ਼ਾਰਾਂ ਵਿਚ ਫੇਰਿਆ ਜਾਵੇ ਤਾਕਿ ਲੋਕ ਇਹ ਸਭ ਕੁਝ ਆਪਣੀ ਅਖੀਂ ਵੇਖ ਲੈਣ। ਇਕ ਮਰੀਅਲ ਜਿਹੀ ਹੱਥਣੀ ਉਤੇ, ਜਿਸਦੇ ਹੌਦੇ ਤੇ ਕੋਈ ਕਪੜਾ ਆਦਿ ਵੀ ਨਹੀਂ ਸੀ, ਦਾਰਾ ਨੂੰ ਚੜ੍ਹਾਇਆ ਗਿਆ। ਨਾਲ ਹੀ ਉਸ ਦੇ ਪੁਤ ਸਿਪਹਿਰ ਸ਼ੁਕੋਹ ਨੂੰ ਬਿਠਾਇਆ। ਇਹਨਾਂ ਦੀਆਂ ਲੱਤਾਂ ਜ਼ੰਜੀਰਾਂ ਨਾਲ ਬਧੀਆਂ ਸਨ, ਪਰ ਹੱਥ ਖੁਲ੍ਹੇ ਸਨ। ਇਹਨਾਂ ਦੇ ਪਿਛਲੇ ਪਾਸੇ ਨਾਜ਼ਰਬੇਗ ਹੱਥ ਵਿਚ ਨੰਗੀ ਤਲਵਾਰ ਲਈ ਬੈਠਾ ਸੀ। ਇਹ ਨਾਜ਼ਰਬੇਗ ਬੜਾ ਪੱਥਰ-ਦਿਲ ਤੇ ਬੇਰਹਿਮ ਸੀ। ਮਾਲਿਕ ਦਾ ਇਸ਼ਾਰਾ ਪਾ ਕੇ ਬਿਲਾ-ਝਿਜਕ ਕਿਸੇ ਦਾ ਖ਼ੂਨ ਵਹਾ ਸਕਦਾ ਸੀ।

ਹਿੰਦੁਸਤਾਨ ਦਾ ਜਿਸਨੇ ਬਾਦਸ਼ਾਹ ਬਣਨਾ ਸੀ, ਲੀਰਾਂ ਹੋਏ ਕਪੜੇ ਤੇ ਸਿਰ ਤੇ ਚਿਕੜ ਵਰਗੀ ਪੱਗ ਬੰਨ੍ਹੀ ਬੈਠਾ ਸੀ। ਉਸ਼ ਦੀ ਇਹ ਹਾਲਤ, ਤੇ ਜੋ ਉਸ ਨਾਲ ਅਖ਼ੀਰ ਵਿਚ ਵਾਪਰਨੀ ਸੀ, ਨੂੰ ਅਨਭਵ ਕਰ ਕੇ ਲੋਕੀ ਖ਼ੂਨ ਦੇ ਅਥਰੂ ਕੇਰ ਰਹੇ ਸਨ। ਦਾਰਾ ਲੋਕਾਂ ਦਾ ਮਹਿਬੂਬ ਵਲੀ-ਅਹਿਦ ਸੀ, ਜਿਸ ਨਾਲ ਸਭ ਛੋਟੇ ਵੱਡੇ ਬੜੇ ਖੁਸ਼ ਸਨ। ੨੯ ਅਗਸਤ ਦੇ ਦਿਨ ਦੀ ਕੜਕਦੀ ਧੁੱਪ ਆਪਣਾ ਜੋਬਨ ਵਿਖਾ ਰਹੀ ਸੀ। ਦਾਰਾ ਸਿਰ ਝੁਕਾਈ ਬੈਠਾ ਸੀ। ਅਚਾਨਕ ਇਕ ਭਿਖਾਰੀ ਸਾਹਮਣੇ ਆਇਆ ਤੇ ਕਿਹਾ, "ਐ ਦਾਰਾ, ਜਦ ਤੂੰ ਸਭ ਕਾਸੇ ਦਾ ਮਾਲਕ ਸੈਂ, ਮੈਨੂੰ ਹਮੇਸ਼ਾ ਬਖ਼ਸ਼ਿਸ਼ ਕਰਿਆ ਕਰਦਾ ਸੈਂ, ਪਰ ਅੱਜ ਤੇਰੇ ਹੱਥ ਪਲੇ ਕੁਝ ਨਹੀਂ, ਤੂੰ ਮੈਨੂੰ ਕੁਝ ਵੀ ਦੇਣ ਦੇ ਸਮਰੱਥ ਨਹੀਂ, ਮੈਨੂੰ ਸਭ ਪਤਾ ਹੈ ਤੇ ਮੈਂ ਵੇਖ ਰਿਹਾ ਹਾਂ।" ਇਹਨਾਂ ਸ਼ਬਦਾਂ ਦਾ ਬੰਦੀ ਵਲੀ ਅਹਿਦ ਤੇ ਬੜਾ ਅਸਰ ਹੋਇਆਂ ਤੇ ਆਪਣੇ ਮੋਢਿਆਂ ਤੋਂ ਦੁਸ਼ਾਲਾ ਉਤਾਰ ਕੇ ਉਸ ਵਲ ਸੁਟ ਦਿਤਾ। ਸਾਰੀ ਦਿਲੀ ਦੀਆਂ ਗਲੀਆਂ ਵਿਚ ਫੇਰ ਕੇ ਪੁਰਾਣੀ ਦਿਲੀ ਖਿਜ਼ਰਾਬਾਦ ਦੇ ਲਾਗੇ ਖ਼ੁਵਾਸ ਪੁਰਾ ਦੇ ਮਹੱਲ ਵਿਚ ਬੰਦੀਆਂ ਨੂੰ ਡੱਕ ਦਿਤਾ ਤੇ ਸਖਤ ਪਹਿਰਾ ਲਾ ਦਿਤਾ ਗਿਆ।

ਇਸ ਸ਼ਾਮ ਦਾਰਾ ਦੀ ਕਿਸਮਤ ਦਾ ਫ਼ੈਸਲਾ ਕਰਨ ਲਈ ਦੀਵਾਨ-ਏ-ਖ਼ਾਸ ਵਿਚ ਬਾਦਸ਼ਾਹ ਔਰੰਗਜ਼ੇਬ ਨੇ ਇਕ ਵਿਸ਼ੇਸ਼ ਬੈਠਕ ਸੱਦੀ। ਦਾਨਸ਼ਮੰਦ ਖ਼ਾਨ ਨੇ ਦਾਰਾ ਦੀ ਜਾਨ-ਬਖਸ਼ੀ ਲਈ ਬੜਾ ਹੱਥ ਪੱਲਾ ਜੋੜਿਆ, ਪਰ ਸ਼ਾਇਸਤਾ ਖ਼ਾਨ, ਮੁਹੰਮਦ ਅਮੀਨ ਖ਼ਾਨ, ਬਹਾਦਰ ਖਾਨ ਅਤੇ ਹਕੀਮ ਦਾਊਦ ਨੇ ਰਾਏ ਦਿਤੀ ਕਿ ਹਕੂਮਤ ਦੀ ਮਜ਼ਬੂਤੀ ਤੇ ਅਸਲਾਮ ਦੇ ਭਲੇ ਲਈ ਦਾਰਾ ਨੂੰ ਮੌਤ ਦੇ ਘਾਟ ਉਤਾਰਿਆ ਜਾਵੇ। ਇਸ ਬੈਠਕ ਵਿਚ ਔਰੰਗਜ਼ੇਬ ਤੇ ਦਾਰਾ ਦੀ ਛੋਟੀ ਭੈਣ ਰੌਸ਼ਨਆਰਾ ਨੇ ਦਾਰਾ ਦੇ ਵਿਰੁਧ ਬੜੀ ਸਖਤ ਦਲੀਲ-ਬਾਜ਼ੀ ਕੀਤੀ ਤੇ ਏਨਾ ਉਚੀ ਉਚੀ ਬੋਲ ਕੇ ਉਸ ਦੀ ਮੌਤ ਮੰਗੀ ਕਿ ਜਾਨ ਬਖ਼ਸ਼ੀ ਵਾਸਤੇ ਜੋ ਕਮਜ਼ੋਰ ਜਿਹੀ ਆਵਾਜ਼ ਵਿਚ ਬੇਨਤੀ ਕੀਤੀ ਜਾ ਰਹੀ ਸੀ, ਉਹ ਉਸ ਦੇ ਰੌਲੇ ਵਿਚ ਹੀ ਡੁਬ ਗਈ। ਔਰੰਗਜ਼ੇਬ ਦੇ ਤਨਖ਼ਾਹਦਾਰ ਮੁਫ਼ਤੀਆਂ ਨੇ ਫ਼ੈਸਲਾ ਦਿਤਾ ਕਿ ਦਾਰਾ ਮੌਤ ਦਾ ਹੀ ਹੱਕਦਾਰ ਹੈ। ਉਹਨਾਂ ਲਿਖਿਆ ਕਿ "ਸ਼ਰੀਅਤ ਦੇ ਸਤੂਨਾਂ ਤੇ ਅਸਲਾਮ ਧਰਮ ਨੂੰ ਦਾਰਾ ਦੀ ਜ਼ਿੰਦਗੀ ਤੋਂ ਕਈ ਖ਼ਤਰੇ ਭਾਸਦੇ ਹਨ। ਸੋ ਪਾਤਸ਼ਾਹ ਅਸਲਾਮ, ਸ਼ਰੀਅਤ ਤੇ ਮੁਲਕ ਨੂੰ ਬਚਾਉਣ ਵਾਸਤੇ ਦਾਰਾ ਦਾ ਜ਼ਿੰਦਾ ਰਹਿਣਾ ਉਚਿਤ ਨਹੀਂ ਸਮਝਦਾ, ਕਿਉਂਕਿ ਉਸ ਦੇ ਜ਼ਿੰਦਾ ਰਹਿਣ ਨਾਲ ਪਰਜਾ ਦਾ ਸੁਖ ਚੈਨ ਭੰਗ ਹੋਵੇਗਾ।"

ਦਾਰਾ ਦੇ ਵਕੀਲ ਨੇ ਉਸ ਦੀ ਜ਼ਿੰਦਗੀ ਬਚਾਉਣ ਲਈ ਬਹੁਤ ਨੱਠ-ਭੱਜ ਕੀਤੀ, ਪਰ ਕੁਝ ਹਾਸਲ ਨਾ ਹੋਇਆ। ਦਾਰਾ ਨੂੰ ਆਪਣੇ ਸਿਰ ਤੇ ਕੂਕਦੀ ਮੌਤ ਦਾ ਪਤਾ ਲਗ ਚੁਕਾ ਸੀ। ਉਸ ਨੇ ਆਖ਼ਰੀ ਅਪੀਲ ਵਜੋਂ ਆਪਣੇ ਭਰਾ (ਔਰੰਗਜ਼ੇਬ) ਨੂੰ ਅਰਜ਼ੀ ਲਿਖੀ। "ਮੇਰੇ ਮਹਾਨ ਭਾਈ ਤੇ ਸ਼ਹਿਨਸ਼ਾਹ! ਮੇਰੇ ਮਨ ਵਿਚ ਬਾਦਸ਼ਾਹੀ ਦੀ ਕੋਈ ਲਾਲਸਾ ਨਹੀਂ ਹੈ। ਇਹ ਤੇਨੂੰ ਤੇ ਤੇਰੀ ਔਲਾਦ ਨੂੰ ਸੁਹੰਢਣੀ ਹੋਵੇ। ਮੇਰੇ ਕਤਲ ਦੀ ਵਿਉਂਤ ਜੋ ਤੂੰ ਆਪਣੇ ਦਿਲ ਵਿਚ ਬਣਾ ਰਖੀ ਹੈ, ਇਹ ਮੂਲੋਂ ਅਨਿਆ ਹੈ। ਮੈਨੂੰ ਜੇ ਤੂੰ ਰਹਿਣ ਲਈ ਇਕ ਯੋਗ ਘਰ ਤੇ ਮੇਰੀਆਂ ਨੌਕਰਾਣੀਆਂ ਚੋਂ ਇਕ ਨੌਕਰਾਣੀ ਸੇਵਾ ਲਈ ਮੈਨੂੰ ਬਖਸ਼ ਦੇਵੇਂ ਤਾਂ ਮੈਂ ਤੇਰੇ ਭਲੇ ਲਈ ਰਬ ਦੀ ਬੰਦਗੀ ਵਿਚ, ਉਸ ਬੰਦੇ ਵਾਂਗ, ਜਿਸ ਨੂੰ ਮੁਆਫ ਕਰਕੇ ਜ਼ਿੰਦਗੀ ਬਖ਼ਸ਼ੀ ਗਈ ਹੋਵੇ, ਲੀਨ ਹੋ ਜਾਵਾਂਗਾ।" ਇਸ ਅਰਜ਼ੀ ਦੇ ਇਕ ਸਿਰੇ ਤੇ ਔਰੰਗਜ਼ੇਬ ਨੇ ਆਪਣੇ ਹੱਥ ਨਾਲ ਅਰਬੀ ਵਿਚ ਲਿਖਿਆ



www.AKJ.Org

ਸੀ, "ਤੂੰ ਮੇਰੇ ਬਹੁਤ ਹੱਕ ਦਬਾਏ ਹਨ ਤੇ ਪਕਾ ਫ਼ਿਤਨਾ-ਅੰਗੇਜ਼ ਹੈਂ।"

੩੦ ਅਗਸਤ ਨੂੰ ਦਿਲੀ ਵਿਚ ਬੜਾ ਵੱਡਾ ਫ਼ਸਾਦ ਹੋ ਗਿਆ, ਜਿਸ ਨੇ ਦਾਰਾ ਦੀ ਮੌਤ ਬਿਲਕੁਲ ਲਾਗੇ ਲੈ ਆਂਦੀ। ਦਾਰਾ ਨੂੰ ਫੜਾਉਣ ਵਾਲਾ ਮਲਕ ਜੀਵਨ, ਜਿਸ ਨੂੰ ਉਸ ਦੀ ਕਾਰਗੁਜ਼ਾਰੀ ਦੇ ਇਨਾਮ ਵਜੋਂ ਇਕ-ਹਜ਼ਾਰੀ ਬਣਾਇਆ ਗਿਆ ਸੀ, ਦਰਬਾਰ ਦੀ ਹਾਜ਼ਰੀ ਦੇ ਪਹਿਲੇ ਦਿਨ ਜਾਂਦਾ ਹੋਇਆ ਲੋਕਾਂ ਦੀ ਨਜ਼ਰੇ ਪੈ ਗਿਆ। ਬੱਚੇ ਬੁਢੇ, ਭਿਖਾਰੀਆਂ ਤਕ ਔਰਤਾਂ ਸਮੇਤ ਏਨੇ ਭੜਕ ਉਠੇ ਕਿ ਇੱਟ ਪੱਥਰ ਤੇ ਡਾਂਗਾਂ ਸੋਟਿਆਂ ਨਾਲ ਉਸ ਦੇ ਕਈ ਅਫ਼ਗਾਨ ਸਾਥੀ ਮਾਰ ਮੁਕਾਏ। ਜੇ ਦਿਲੀ ਦਾ ਕੋਤਵਾਲ ਵੇਲੇ ਸਿਰ ਆ ਕੇ ਨਾ ਬਚਾਉਂਦਾ ਤਾਂ ਮਲਕ ਜੀਵਨ ਨੂੰ ਵੀ ਲੋਕ ਥਾਂ ਤੇ ਹੀ ਮਾਰ ਦੇਂਦੇ।

ਔਰੰਗਜ਼ੇਬ ਨੇ ਦਾਰਾ ਨੂੰ ਫ਼ੌਰਨ ਮਾਰ ਦੇਣ ਦਾ ਹੁਕਮ ਨਾਜ਼ਰ ਬੇਗ ਨੂੰ ਦੇ ਦਿਤਾ। ੩੦ ਅਗਸਤ ਦੀ ਰਾਤ ਥੋੜੀ ਹੀ ਗੁਜ਼ਰੀ ਸੀ ਕਿ ਨਾਜ਼ਰ ਬੇਗ ਤੇ ਹੋਰ ਗ਼ੁਲਾਮ, ਸੈਫ਼ ਖ਼ਾਨ ਦੀ ਨਿਗਰਾਨੀ ਵਿਚ ਕੈਦਖ਼ਾਨੇ ਵਿਚ ਸਿਪਹਿਰ ਸ਼ੁਕੋਹ (੧੪ ਸਾਲ) ਨੂੰ ਬਾਪ ਨਾਲੋਂ ਵਖਰਾ ਕਰਨ ਲਈ ਆ ਗਏ, ਤਾਕਿ ਪੁਤ ਦੇ ਸਾਹਮਣੇ ਬਾਪ ਨੂੰ ਨਾ ਮਾਰਿਆ ਜਾਵੇ। ਉਹਨਾਂ ਦੀਆਂ ਸ਼ਕਲਾਂ ਤੇ ਬੇਰਹਿਮ ਅਖਾਂ ਵੇਖ ਕੇ ਦਾਰਾ ਨੂੰ ਆਪਣੀ ਮੌਤ ਮੂਹਰੇ ਖੜੀ ਦਿਸੀ। ਉਹ ਉਠ ਕੇ ਉਹਨਾਂ ਦੇ ਲਾਗੇ ਆਇਆ ਤੇ ਗੋਡਿਆਂ ਪਰਨੇ ਹੋ ਕੇ ਵਿਰਲ਼ਾ ਕੀਤਾ," ਤੁਸੀਂ ਮੇਰੇ ਕਤਲ ਲਈ ਆਏ ਹੋ!" ਉਹਨਾਂ ਜਵਾਬ ਦਿਤਾ, "ਸਾਨੂੰ ਹੁਕਮ ਹੋਇਆ ਹੈ ਕਿ ਸਿਪਹਿਰ ਸ਼ੁਕੋਤ ਨੂੰ ਤੇਰੇ ਨਾਲੋਂ ਜੁਦਾ ਕਰ ਕੇ ਕਿਸੇ ਦੂਜੇ ਥਾਂ ਲੈ ਜਾਇਆ ਜਾਵੇ।" ਲੜਕਾ ਵੀ ਬਾਪ ਦੇ ਲਾਗੇ ਹੀ ਗੋਡਿਆਂ ਪਰਨੇ ਹੋ ਕੇ ਮਿੰਨਤਾਂ ਕਰ ਰਿਹਾ ਸੀ। ਨਾਜ਼ਰ ਬੇਗ ਨੇ ਬੜੀ ਕਹਿਰ ਭਰੀ ਨਿਗਾਹ ਨਾਲ ਮੁੰਡੇ ਵਲ ਵੇਖਿਆ। ਸਿਪਹਿਰ ਦੀਆਂ ਡਾਡਾਂ ਨਿਕਲ ਗਈਆਂ ਤੇ ਦਾਰਾ ਦੀਆਂ ਲਤਾਂ ਨੂੰ ਚਿੰਬੜ ਗਿਆ। ਪਿਉ ਪੁਤਾਂ ਨੇ ਇਕ ਦੂਜੇ ਨੂੰ ਘੁਟ ਕੇ ਗਲਵਕੜੀ ਪਾ ਲਈ। ਦੋਵੇਂ ਉਚੀ ਉਚੀ ਧਾਹੀਂ ਮਾਰਨ ਲੱਗੇ। ਗੁਲਾਮਾਂ ਦਾ ਰਵੱਈਆ ਹੋਰ ਕਠੋਰ ਹੋ ਗਿਆ ਤੇ ਮੁੰਡੇ ਨੂੰ ਧੂ ਕੇ ਅੱਡ ਕਰਨ ਲੱਗੇ। ਦਾਰਾ ਨੇ ਹੰਝੂ ਪੂੰਝ ਕੇ ਲਿਲਕੜੀ ਲਈ ਕਿ ਉਸ ਦੀ ਇਹ ਅਰਜ਼ੋਈ ਕਿ ਸਿਪਹਿਰ ਨੂੰ ਉਸ ਦੇ ਕੋਲ ਹੀ ਰਹਿਣ ਦਿਤਾ ਜਾਵੇ, ਉਸ ਦੇ ਭਰਾ ਔਰੰਗਜ਼ੇਬ ਪਾਸ ਲੈ ਜਾਣ। ਗੁਲਾਮਾਂ ਕਿਹਾ ਕਿ ਅਸੀ ਕਿਸੇ ਦੇ ਕਾਸਿਦ ਨਹੀਂ ਹਾਂ ਜੋ ਸਨੇਹੇ ਲਿਜਾਂਦੇ ਫਿਰੀਏ। ਅਸੀਂ ਤਾਂ ਹੁਕਮ ਦੀ ਤਾਮੀਲ ਕਰਨ ਆਏ ਹਾਂ। ਫਿਰ ਸਾਰੇ ਇਕੋ ਵਾਰ ਲਪਕੇ ਤੇ ਸਿਪਹਿਰ ਨੂੰ ਧੂ ਕੇ ਅੱਡ ਕੀਤਾ ਤੇ ਦੂਜੇ ਕਮਰੇ ਵਿਚ ਲੈ ਗਏ। ਦਾਰਾ ਨੂੰ ਦਿਸਦਾ ਸੀ ਕਿ ਹੁਣ ਆਖ਼ਰੀ ਵਕਤ ਆ ਗਿਆ ਹੈ। ਉਸ ਨੇ ਇਸ ਵੇਲੇ ਲਈ ਇਕ ਚਾਕੂ ਲੁਕਾ ਕੇ ਸਿਰਹਾਣੇ ਵਿਚ ਰਖਿਆ ਸੀ, ਉਸਦਾ ਉਛਾੜ ਪਾੜ ਕੇ ਉਹ ਚਾਕੂ ਕਢਿਆ ਤੇ ਜੋ ਉਸ ਨੂੰ ਫੜਨ ਲਈ ਨਜ਼ਦੀਕ ਆ ਚੁਕਾ ਸੀ, ਉਸ ਦੇ ਸੀਨੇ ਵਿਚ ਖੋਭ ਦਿਤਾ। ਚਾਕੂ ਹਡੀ ਵਿਚ ਫਸ ਗਿਆ ਤੇ ਬਾਹਰ ਨਾ ਨਿਕਲਿਆ। ਚਾਕੂ ਛਡ ਕੇ ਦਾਰਾ ਗ਼ੁਲਾਮਾਂ ਦੇ ਹਥੀਂ ਪੈ ਗਿਆ ਤੇ ਘਸੁੰਨ-ਮੁੱਕੀ ਚਲਾਉਣ ਲੱਗਾ। ਉਹਨਾਂ ਸਾਰਿਆਂ ਪੈ ਕੇ ਉਸ ਨੂੰ ਕਾਬੂ ਕਰ ਲਿਆ। ਸਾਰਾ ਸਮਾਂ ਸਿਪਹਿਰ ਦੀਆਂ ਡਾਡਾਂ ਉਸ ਦੇ ਬਾਪ ਦੇ ਕੰਨੀਂ ਪੈ ਰਹੀਆਂ ਸਨ। ਪਲ ਭਰ ਬਾਅਦ ਕਮਰੇ ਵਿਚ ਚੁਪ-ਚਾਂ ਹੋ ਗਈ। ਖ਼ੂਨੀਆਂ ਦੀਆਂ ਤਲਵਾਰਾਂ ਨੇ ਦਾਰਾ ਦਾ ਖ਼ਾਤਮਾ ਕਰ ਦਿਤਾ ਸੀ। ਉਸ ਦੀ ਸਿਰੋਂ ਬਗ਼ੈਰ ਲਾਸ਼ ਕਮਰੇ ਵਿਚਕਾਰ ਖ਼ੂਨ ਦੇ ਛਪੜ ਵਿਚ ਪਈ ਹੋਈ ਸੀ। ਬਾਦਸ਼ਾਹ ਦੀ ਤਸੱਲੀ ਲਈ ਦਾਰਾ ਦਾ ਸਿਰ ਉਸ ਦੇ ਪਾਸ ਲਿਆਂਦਾ ਗਿਆ। ਉਸ ਨੇ ਸਿਰ ਫੜ ਕੇ ਇਹ ਕਹਿ ਕੇ "ਐ ਬਦਬਖ਼ਤ, ਤੇਰਾ ਮੂੰਹ ਤਾਂ ਮੈਂ ਜੀਊਂਦੇ ਦਾ ਵੀ ਨਹੀਂ ਸਾਂ ਵੇਖਣਾ ਚਾਹੁੰਦਾ, ਮਰੇ ਦਾ ਕੀ ਵੇਖਣਾ ਹੈ", ਸਿਰ ਥਲੇ ਸੁਟ ਦਿਤਾ।

ਸਿਪਹਿਰ ਸ਼ੁਕੋਹ ਦੀ ਮਾਸੂਮੀਅਤ ਤੇ ਖ਼ੂਬਸੂਰਤੀ ਵੇਖ ਕੇ ਜੱਲਾਦਾਂ ਦਾ ਦਿਲ ਵੀ ਭਰ ਆਇਆ। ਚਾਹਿਆ ਕਿ ਇਸ ਨੂੰ ਜੇਲ੍ਹ ਚੋਂ ਭਜਾ ਦਿਤਾ ਜਾਵੇ। ਪਰ ਦੂਜੇ ਪਲ ਇਸ ਖਿਆਲ ਨਾਲ ਕਿ ਔਰੰਗਜ਼ੇਬ ਇਹ ਮੰਨਣ ਵਾਲਾ ਨਹੀਂ ਤੇ ਘਾਣ ਬੱਚਾ ਪਿੜਵਾ ਦੇਵੇਗਾ, ਇਸ ਖ਼ਿਆਲ ਤੋਂ ਬਾਜ਼ ਰਹੇ। ਫਿਰ ਉਹਨਾਂ ਖ਼ੰਜਰਾਂ ਨਾਲ ਇਹ ਹੀਰੇ ਵਰਗਾ ਯੂਸਫ਼-ਸਾਨੀ ਕੋਹ ਸੁਟਿਆ—ਔਰੰਗਜ਼ੇਬ ਦੀ ਗਦੀ ਪੱਕੀ ਤੇ ਅਸਲਾਮ ਦਾ ਭਲਾ ਕਰਨ ਲਈ ਇਹਨਾਂ ਬਾਪ ਬੇਟੇ ਦੇ ਪਿਛੋਂ ਦੂਜੇ ਦੋ ਭਾਈ ਮੁਰਾਦ ਤੇ ਸ਼ੁਜਾਹ ਨੂੰ ਵੀ ਖਪਾ ਦਿਤਾ।

ਦਾਰਾ ਦਾ ਵਢਿਆ ਹੋਇਆ ਸਿਰ ਰੇਸ਼ਮੀ ਰੁਮਾਲਾਂ ਵਿਚ ਲਪੇਟ ਕੇ ਤੁਹਫ਼ੇ ਵਜੋਂ ਬਾਪ—ਸ਼ਾਹ ਜਹਾਨ—ਨੂੰ ਭੇਜਿਆ ਗਿਆ। ਦਾਰਾ ਦੀ ਬੇ-ਸਿਰ ਲਾਸ਼ ਦਾ ਦੂਸਰੀ ਵਾਰ ਹਾਥੀ ਉਤੇ ਰਖ ਕੇ ਜਲੂਸ ਸਾਰੇ ਸ਼ਹਿਰ ਵਿਚ ਕਢਿਆ ਗਿਆ। ਫਿਰ ਬਗ਼ੈਰ ਰਸਮੀ ਗ਼ੁਸਲ, ਭਾਵ ਨੁਹਾਣ ਦੇ, ਬਿਨਾਂ ਕਫ਼ਨ ਦੇ ਹਮਾਯੂੰ ਦੇ ਮਕਬਰੇ ਅੰਦਰ ਇਕ ਕੋਠੜੀ ਵਿਚ ਦਬਾ ਦਿਤਾ।

ਜਿਸ ਰਾਜ ਦੀ ਪਕਿਆਈ ਲਈ ਔਰੰਗਜ਼ੇਬ ਨੇ ਭਰਾਵਾਂ ਭਤੀਜਿਆਂ ਦਾ ਖ਼ੂਨ ਡੋਲ੍ਹਿਆ ਸੀ, ਤੇ ਪਿਉ ਨੂੰ ਕੈਦ



www.AKJ.Org

ਵਿਚ ਰੋਲ ਰੋਲ ਮਾਰਿਆ ਸੀ, ੨੨ ਸਤੰਬਰ ੧੮੫੭ ਨੂੰ ਦਾਰਾ ਦੀ ਕਬਰ ਦੇ ਲਾਗੇ ਹੀ ਦਿਲੀ ਦੇ ਆਖ਼ਰੀ ਤਾਜਦਾਰ ਦੇ ਪੁਤ ਤੇ ਪੋਤੇ, ਸਹਿਜ਼ਾਦਾ ਮਿਰਜ਼ਾ ਮੁਗਲ ,ਮਿਰਜ਼ਾ ਕੁਰੈਸ ਸੁਲਤਾਨ ਤੇ ਮਿਰਜ਼ਾ ਅਬੂ ਬਖ਼ਤ ਨੂੰ ਮੇਜਰ ਹਡਸਨ ਨੇ, ਜਦ ਕਿ ਦਾਰਾ ਵਾਂਗ ਹੀ ਉਹ ਰੋ-ਕੁਰਲਾ ਤੇ ਚਿਚਲਾ ਰਹੇ ਸਨ, ਅਤੇ ਜਾਨ-ਬਖ਼ਸ਼ੀ ਲਈ ਵਿਰੜ੍ਹੇ ਕਰ ਰਹੇ ਸਨ, ਗੋਲੀਆਂ ਨਾਲ ਉਡਾ ਕੇ, ਸ਼ਹਿਨ-ਸ਼ਾਹੀਅਤ ਨੂੰ ਉਹਨਾਂ ਦੀ ਨਸਲ ਚੋਂ ਹੀ ਅਲੋਪ ਕਰ ਦਿਤਾ।

2 ਇਹ ਘਟਨਾ ਓਰਛਾ,ਜੋ ਹੁਣ ਮਾਰਵਾੜ ਜਿਲੇ ਵਿਚ ਹੈ,ਦੇ ਲਾਗੇ ਹੋਈ ਸੀ। ਇਹ ਗਵਾਲੀਅਰ ਤੋਂ ਵੀ ਨਜ਼ਦੀਕ ਹੀ ਹੈ।

3 ਦਰੀਂ ਵਕਤ ਕੁਸ਼ਤਨੇ ਕਾਫ਼ਰੇ ਲਈਨ ਗੋਇੰਦਵਾਲ ਊ ਬਸਿਆਰ ਖ਼ੂਬ ਵਾਕਿਆ ਸ਼ੁਦ ਵ ਬਾਇਸੇ ਸ਼ਕੱਸਤੇ ਅਜ਼ੀਮ ਬਰ ਹਨੂਦ ਵ ਮਰਦੂਦ ਗਸ਼ਤ। ਬਹਰ ਨੀਅੱਤ ਕਿ ਕੁਸ਼ਤ ਬਾਸ਼ਿੰਦ ਵ ਬਹਰ ਗ਼ਰਜ਼ ਕਿ ਹਲਾਕ ਕਰਦਾ ਖ਼ਾਰੀਏ ਕਫ਼ਾਰ ਨਕਦੇ ਵਕਤ ਅਹਿਲੇ ਅਸਲਾਮ ਅਸਤ। ਈਂ ਫ਼ਕੀਰ ਪੇਸ਼ ਅਜ਼ਾਂ ਕਿ ਈਂ ਕਾਫ਼ਰ ਰਾ ਬਕੁਸ਼ਨਦ ਦਰ ਖ਼ਾਬ ਦੀਦਾ ਬੂਦ ਕਿ ਬਾਦਸ਼ਾਹਿ ਵਕਤ ਕੱਲ-ਏ ਸਰੇ ਸ਼ਰਕ ਰਾ ਸ਼ਕੱਸਤਾ ਅਸਤ ਵ ਅਲਹਕ ਕਿ ਆਂ ਗਿਬਰੇ ਰਈਸੇ ਅਹਿਲੇ ਸ਼ਰਕ ਬੂਦ ਵ ਅਮਾਮੇ ਅਹਿਲੇ ਕੁਫ਼ਰ......

ਸ਼ੇਖ਼ ਅਹਿਮਦ ਸਰਹਦੀ ਦੇ "ਮਕਤੂਬਾਤੇ ਅਮਾਮ ਰਬਾਨੀ", ਦਫ਼ਤਰ ਅੱਵਲ, ਹਿੱਸਾ ਸੋਮ, ਖ਼ਤ ਨੰਬਰ 193, ਸਫ਼ਾ 80-81-82.

ਅਰਥਾਤ—ਇਹਨਾਂ ਦਿਨਾਂ ਵਿਚ ਹੀ ਜੋ ਗੋਇੰਦਵਾਲ ਵਾਲੇ ਭ੍ਰਿਸ਼ਟੇ ਕਾਫ਼ਰ ਨੂੰ ਮਾਰ ਦਿਤਾ ਗਿਆ ਹੈ, ਬੜਾ ਸ਼ੁਭ ਕੰਮ ਹੋਇਆ ਹੈ ਅਤੇ ਇਸ ਨਾਲ ਹਿੰਦੂਆਂ ਨੂੰ ਬੜੀ ਭਾਰੀ ਸੱਟ ਵੱਜੀ ਹੈ, ਉਹਨਾਂ ਦੀ ਹਾਰ ਹੋਈ ਹੈ। ਉਸ ਨੂੰ ਕਿਸੇ ਕਾਰਨ ਅਤੇ ਕਿਸੇ ਬਹਾਨੇ ਨਾਲ ਵੀ ਮਾਰ ਦੇਣ ਨਾਲ ਕਾਫ਼ਰਾਂ ਦੀ ਵੱਡੀ ਖੁਆਰੀ ਹੋਈ ਹੈ ਤੇ ਮੁਸਲਮਾਨਾਂ ਲਈ ਇਹ ਸ਼ੁਭ ਤੇ ਬੜੇ ਵੱਡੇ ਲਾਭ ਦੀ ਘੜੀ ਹੈ। ਇਸ ਕਾਫ਼ਰ ਦੇ ਕਤਲ ਹੋਣ ਤੋਂ ਪਹਿਲੋਂ ਇਸ ਫ਼ਕੀਰ (ਭਾਵ ਮੈਂ—ਸ਼ੇਖ਼ ਸਰਹੰਦੀ) ਨੇ ਸੁਪਨੇ ਵਿਚ ਵੇਖਿਆ ਸੀ ਕਿ ਸਮੇਂ ਦੇ ਬਾਦਸ਼ਾਹ (ਜਹਾਂਗੀਰ) ਨੇ ਭ੍ਰਿਸ਼ਟ ਅਧਰਮ ਦਾ ਸਿਰ ਫੇਹ ਸੁਟਿਆ ਹੈ। ਇਸ ਵਿਚ ਰਤਾ ਵੀ ਸ਼ਕ ਨਹੀਂ ਕਿ ਉਹ (ਗੁਰੂ ਅਰਜਨ) ਕਾਫ਼ਰ ਹਿੰਦੂਆਂ ਦਾ ਜਗਤ-ਗੁਰੂ ਸੀ ਤੇ ਅਧਾਰਮਿਕ ਮਨੋ-ਬਿਰਤੀ ਵਾਲਿਆਂ ਦਾ ਸਿਰਮੌਰ ਸ਼ਹਿਨਸ਼ਾਹ ਸੀ......

[ਚਲਦਾ

# ਸੱਚਾ ਚਾਨਣ ਮੁਨਾਰਾ

ਗੁਰਮਤਿ ਮਾਰਗ ਤੇ ਚਲਣਹਾਰੇ ਪ੍ਰਮਾਰਥ-ਪਾਂਧੀਆਂ ਨੂੰ ਇਸ ਖੰਡੇ-ਧਾਰ ਮਾਰਗ ਦਾ ਪੈਂਡਾ ਕਟਣ ਲਈ ਅੰਮ੍ਰਿਤ-ਨਾਮ ਹੀ ਚਾਨਣ-ਮੁਨਾਰਾ ਹੈ। ਇਸ ਅੰਮ੍ਰਿਤ-ਜੋਤਿ-ਚਾਨਣ ਦੀ ਖਿਨ ਖਿਨ ਸਹਾਇਤਾ ਬਿਹੂਣ ਅਤੀ ਚਤਰ ਪ੍ਰਮਾਰਥੀ ਭੀ ਅੰਧ-ਅਗਿਆਨੀ ਹੈ। ਚਿੱਤਰ ਬਚਿਤਰ ਮੋਹਨੀ ਮਾਇਆ ਦੀਆਂ ਫੇਟਾਂ ਤੋਂ ਬਚਾਉਣ ਲਈ ਅੰਧਲੇ ਪੰਧਾਊ ਨੂੰ ਨਾਮ ਦੀ ਟੋਹਣੀ ਹਰ ਵਕਤ ਦਰਕਾਰ ਹੈ।

ਨਾਮ ਮਹਾਂ ਰਸ ਦੀ ਅਮੀ-ਵਿਗਾਸਨੀ ਖਿਨ-ਖਿਨੀ ਟੋਹ ਤੋਂ ਘੁਥੇ ਨੂੰ ਇਹ ਮਹਾਂ ਮੋਹਨੀ ਬਹੁ ਪਰਕਾਰ ਸੁੰਦਰ ਸੋਹਣੀ ਚੰਚਲ ਚਲਿਤਰਨੀ ਮਾਇਆ ਅਨਿਕ ਭਾਵ ਦਿਖਾਇ ਦਿਖਾਇ ਅਤੇ ਭਾਂਤ ਭਾਤ ਦੇ ਵੇਸ ਵਟਾਇ ਮੋਹੰਦੀ ਹੈ ਅਤੇ ਐਸੀ ਢੀਠ ਮੀਠੀ ਹੋਇ ਕੇ ਮਨ ਨੂੰ ਚਿਮੜਦੀ ਹੈ ਕਿ ਇਕ ਵਾਰ ਨਾਮ-ਲਿਵ-ਡੋਰੀ ਤੋਂ ਉਖੜੇ ਪੰਧਾਊ ਦੀ ਚਉਕੜੀ ਭੁਲਾ ਦਿੰਦੀ ਹੈ ਅਤੇ ਜਿਨ੍ਹਾਂ ਨੂੰ **ਗੁਰਮਤਿ ਨਾਮ ਉੱਕਾ ਹੀ ਪ੍ਰਾਪਤ ਨਹੀਂ, ਉਹਨਾਂ ਦਾ ਤਾਂ ਨਿਕਾਣਾ ਹੀ ਕੋਈ ਨਹੀਂ**। ਗ੍ਰਿਹਿ ਵਿਖੇ ਰਹਿਣ ਵਾਲੇ ਗ੍ਰਿਹਸਤੀਆਂ ਨੂੰ, ਬਨਾਂ ਵਿਚ ਵਿਚਰਨ ਵਾਲੇ ਬਨਬਾਸੀਆਂ ਬ੍ਰਹਮਚਾਰੀਆਂ ਨੂੰ, ਤੀਰਥਾਂ ਤੇ ਗਮਨ ਕਰਨਹਾਰੇ ਯਾਤਰੂਆਂ ਨੂੰ, ਤੀਰਥ ਬਰਤ ਪੂਜਾ ਕਰਦਿਆਂ ਭੀ ਬਾਟ ਘਾਟ ਆਇ ਜੋਹਦੀ ਹੈ, ਇਸ ਕਰਕੇ ਇਸ ਅਵਘਟ ਘਾਟੀ ਦੇ ਪ੍ਰੇਮ-ਸੁਮਾਰਗੀ ਲਈ ਇਹ ਉਚਿਤ ਹੈ ਕਿ ਖਿਨ ਖਿਨ ਨਾਮ-ਰੰਗਾਂ ਵਿਚ ਲੀਨ ਰਹੇ। ਜਦੋਂ ਉਹਦੀ ਬਿਰਤੀ ਉਚਾਟ ਹੁੰਦੀ ਦਿਸੇ, ਜਿਸ ਖਿਨ ਭੀ ਉਸ ਦੀ ਆਤਮ-ਸੁਰਤੀ ਦਾ ਖਿੜਾਉ ਠੰਢਾ ਪੈਂਦਾ ਦਿਸੇ, ਓਸੇ ਖਿਨ ਹੀ ਨਾਮ ਨੂੰ ਚੜ੍ਹਦੀ ਕਲਾ ਵਿਚ ਰਖਣ ਲਈ ਬੇਨਤੀਆਂ ਵਿਚ ਜੁਟ ਜਾਵੇ। ਅਰਦਾਸ ਬੇਨਤੀ ਦੁਆਰਾ ਤੱਤ ਛਿਨ ਓਹੀ ਵਿਗਾਸ ਆਇ ਬਣਦਾ ਹੈ ਅਤੇ ਆਤਮ-ਰੌ ਚਲ ਪੈਂਦੀ ਹੈ। ਨਾਮ ਖ਼ੁਦ ਹੀ ਬੇਨਤੀ ਸਰੂਪ ਹੈ, ਨਾਮ ਨੂੰ ਉਚਾਰਨਾ ਹੀ ਸਨਮੁਖ-ਦਰਸ-ਹਜ਼ੂਰੀ ਦੀ ਹਜ਼ੂਰੀ ਵਿਚ ਮਉਜ ਮਾਨਣਾ ਹੈ। ਨਾਮ ਨੂੰ ਹੋਰੋ ਹੋਰ ਆਤਮ-ਵਿਗਾਸ ਦੀ ਯਾਚਨਾ ਵਿਚ ਸਾਵਧਾਨ ਹੋਣਾ ਹੈ।

[ਭਾ: ਸਾ: ਰਣਧੀਰ ਸਿੰਘ ਲਿਖਤ ਟ੍ਰੈਕਟ "ਅੰਮ੍ਰਿਤ ਕਲਾ" ਚੋਂ]

www.AKJ.Org

# ਨਾਨਕ ਭਗਤਾਂ ਸਦਾ ਵਿਗਾਸੁ

[ਸੂਬੇਦਾਰ ਧਰਮ ਸਿੰਘ ਜੀ, ਸੁਜੋਂ]

ਰਾਹ ਚਲਦਿਆਂ ਪੈਰ ਵਿਚ ਕੰਡਾ ਲਗ ਜਾਏ ਤਾਂ ਅਸੀਂ ਕਾਫ਼ੀ ਦਰਦ ਮਹਿਸੂਸ ਕਰਦੇ ਹਾਂ। ਰੋਟੀ ਪਕਾਉਂਦਿਆਂ, ਹੱਥ ਦੀਆਂ ਉਂਗਲਾਂ ਤਵੇ ਨਾਲ ਲਗ ਜਾਣ ਤਾਂ ਇਕ-ਦਮ ਉਂਗਲਾਂ ਵਿਚ ਜਲਨ ਹੋਣ ਲਗ ਜਾਂਦੀ ਹੈ। ਪਰ ਦੂਸਰੇ ਪਾਸੇ ਅਸੀਂ ਦੇਖਦੇ ਹਾਂ ਕਿ ਸਾਡੇ ਸਰੀਰ ਨਾਲੋਂ ਭੀ ਅਤਿ ਕੋਮਲ ਸਰੀਰ ਤੱਤੀਆਂ ਤਵੀਆ ਤੇ ਬੈਠਾ ਹੈ, ਆਰੇ ਨਾਲ ਲਕੜੀ ਦੇ ਫੱਟੇ ਵਾਂਗੂ ਚੀਰ ਕੇ ਦੋ-ਫਾੜ ਕੀਤਾ ਜਾ ਰਿਹਾ ਹੈ, ਰੰਬੀ ਨਾਲ ਖੋਪਰੀ ਉਤਾਰੀ ਜਾ ਰਹੀ ਹੈ, ਦੇਗ ਵਿਚ ਬੈਠਾ ਉਬਾਲੇ ਖਾ ਰਿਹਾ ਹੈ। ਕੀ ਇਨ੍ਹਾਂ ਸਰੀਰਾਂ ਨੂੰ ਕੋਈ ਦੁਖ ਜਾਂ ਕਸ਼ਟ ਪ੍ਰਤੀਤ ਨਹੀਂ ਹੋ ਰਿਹਾ ? ਜਾਂ ਇਨ੍ਹਾਂ ਮਹਾਂ ਪੁਰਸ਼ਾਂ ਦੀ ਸਹਿਨ-ਸ਼ਕਤੀ ਇਤਨੀ ਜ਼ਿਆਦਾ ਹੈ ਕਿ ਉਹ ਦੁਖ ਨੂੰ ਦੁੱਖ ਪ੍ਰਤੀਤ ਹੀ ਨਹੀਂ ਕਰਦੇ ? ਆਖ਼ਰ ਉਹ ਇਸ ਅਜਰ ਕਸ਼ਟ ਨੂੰ ਕਿਵੇਂ ਜਰਦੇ ਹਨ ? ਇਸ ਦਾ ਕਾਰਨ ਕੀ ਹੈ ?

ਸਾਡੀ ਆਮ ਧਾਰਨਾ ਇਹ ਹੈ ਕਿ ਸਾਡੇ ਸਰੀਰ ਨੂੰ ਹੀ ਦੁਖ-ਸੁਖ ਆਦਿ ਪੋਂਹਦੇ ਹਨ ਤੇ ਸਾਡਾ ਸਰੀਰ ਹੀ ਇਨ੍ਹਾਂ ਨੂੰ ਪ੍ਰਤੀਤ ਕਰਦਾ ਹੈ। ਜਿਥੋਂ ਤਕ ਦੁਖ-ਸੁਖ ਦਾ ਸਵਾਲ ਹੈ, ਇਹ ਠੀਕ ਹੈ ਕਿ ਦਰਦ ਸਰੀਰ ਵਿਚ ਹੀ ਹੁੰਦਾ ਹੈ, ਜਿਵੇਂ ਕਿ ਸਿਰ-ਦਰਦ, ਅੱਖ-ਦਰਦ, ਪੇਟ-ਦਰਦ ਆਦਿ ਸਰੀਰ ਦੇ ਹੀ ਕਿਸੇ ਨਾ ਕਿਸੇ ਅੰਗ ਵਿਚ ਹੁੰਦੇ ਹਨ, ਪਰ ਇਨ੍ਹਾਂ ਨੂੰ ਮਹਿਸੂਸ ਕਰਨ ਦੀ ਸ਼ਕਤੀ ਸਰੀਰ ਵਿਚ ਨਹੀਂ ਹੈ। **ਦੁਖ-ਸੁਖ ਨੂੰ ਮਹਿਸੂਸ ਕਰਨ ਦਾ ਕੰਮ 'ਮਨ' ਦਾ ਹੈ।** ਜਦੋਂ ਮਨ ਸਰੀਰ ਨਾਲ ਜਾਂ ਸਰੀਰ ਦੇ ਗਿਆਨ-ਇੰਦਰਿਆਂ ਨਾਲ ਜੁੜਿਆ ਹੁੰਦਾ ਹੈ ਤਾਂ ਗਿਆਨ-ਇੰਦਰਿਆਂ ਦੀ ਮਾਰਫ਼ਤ ਦੁਖ ਸੁਖ ਨੂੰ ਪ੍ਰਤੀਤ ਕਰ, ਦੁਖੀ ਜਾਂ ਸੁਖੀ ਹੁੰਦਾ ਹੈ।

ਜਦੋਂ ਇਹ ਹੀ ਮਨ ਦੁਖ ਸੁਖ ਹੁੰਦਿਆਂ ਹੋਇਆਂ ਭੀ ਸਰੀਰ ਨਾਲ ਜੁੜਨ ਦੀ ਥਾਂ, ਕਿਸੀ ਹੋਰ ਥਾਂ ਜੁੜਿਆ ਹੋਵੇ, ਤਾਂ ਉਸ ਨੂੰ ਇਹ ਦੁਖ ਦੁਖ ਪ੍ਰਤੀਤ ਨਹੀਂ ਹੁੰਦੇ, ਤੇ ਨਾ ਹੀ ਇਨ੍ਹਾਂ ਦੁਖਾਂ ਸੁਖਾਂ ਦੇ ਹੁੰਦਿਆਂ ਹੋਇਆਂ ਭੀ ਦੁਖੀ ਜਾਂ ਸੁਖੀ ਹੁੰਦਾ ਹੈ।

ਉਪਰ ਲਿਖੇ ਕਸ਼ਟ ਭੋਗਣ ਵਾਲੇ ਮਹਾਂ ਪੁਰਸ਼ **ਨਾਮ ਦੀ; ਅਥਵਾ ਲਿਵ ਦੀ ਅਵੱਸਥਾ** ਵਿਚ ਹੋਣ ਕਰਕੇ, ਇਸ ਸਰੀਰ ਨਾਲੋਂ ਟੁਟ, ਆਪਣੀ ਆਤਮਾ ਜਾਂ ਪਰਮ-ਆਤਮਾ ਨਾਲ ਜੁੜੇ ਹੋਣ ਕਰਕੇ ਇਸ ਸਰੀਰ ਦੇ ਕਸ਼ਟਾਂ ਤੋਂ ਬੇ-ਨਿਆਜ਼ ਸਨ। ਗੁਰ ਫ਼ੁਰਮਾਨ ਹੈ :-

ਓਸ ਨੂੰ ਕ੍ਰਿਹੁ ਪੋਹਿ ਨ ਸਕੀ ਜਿਸ ਨਉ ਆਪਣੀ ਲਿਵ ਲਾਵਏ ॥੨੮॥ [ਅਨੰਦੁ ਸਾਹਿਬੁ

ਦਾਸ ਦੇ ਪਿੰਡ ਦੇ ਨਜ਼ਦੀਕ ਇਕ ਪਿੰਡ ਪਠਲਾਵਾ ਨਾਮ ਦਾ ਹੈ। ਉਥੇ ਉਚ ਕਰਣੀ ਵਾਲੇ ਸੰਤ ਬਾਬਾ ਘਨਈਆ ਸਿੰਘ ਜੀ ਹੋਏ ਹਨ, ਜਿਨ੍ਹਾ ਨੇ ਅਨੰਦਪੁਰ ਸਾਹਿਬ, ਬਾਉਲੀ ਸਾਹਿਬ ਤੇ ਦਰਸ਼ਨੀ ਡਿਉਢੀ ਦੀ ਸੇਵਾ ਕਰਵਾਈ ਸੀ।

ਅਜ ਤੋਂ ਲਗ ਭਗ 55 ਸਾਲ ਪਹਿਲਾਂ ਉਨ੍ਹਾਂ ਦੇ ਸਰੀਰ ਦਾ ਇਕ ਅਪਰੇਸ਼ਨ ਬੰਗਾ ਸਿਵਲ ਹਸਪਤਾਲ ਵਿਚ ਹੋਣਾ ਸੀ। ਉਨ੍ਹਾਂ ਦਿਨਾਂ ਵਿਚ ਮਰੀਜ਼ ਨੂੰ ਕਲੋਰੋਫਾਰਮ ਸੁੰਘਾ ਕੇ ਬੇਹੋਸ਼ ਕਰ, ਅਪਰੇਸ਼ਨ ਕੀਤਾ ਜਾਂਦਾ ਸੀ। ਸੰਤ ਬਾਬਾ ਘਨਈਆ ਸਿੰਘ ਜੀ ਨੇ ਕਲੋਰੋਫਾਰਮ ਸੁੰਘਣ ਤੋਂ ਇਨਕਾਰ ਕਰ ਦਿਤਾ ਤੇ ਆਖਿਆ ਕਿ ਅਸੀਂ ਆਪਣੇ ਸਵਾਸ ਦਸਵੇਂ ਦੁਆਰ ਚੜ੍ਹਾ ਲੈਂਦੇ ਹਾਂ, ਫਰ ਤੁਸੀਂ ਜਿਵੇਂ ਮਰਜ਼ੀ ਹੋਈ, ਅਪਰੇਸ਼ਨ ਕਰੀ ਜਾਣਾ। ਬਾਬਾ ਜੀ ਅਪਰੇਸ਼ਨ ਦੀ ਮੇਜ਼ ਤੇ ਲੰਮੇ ਪੈ ਅਤਰ-ਧਿਆਨ ਹੋ ਗਏ। ਅਪਰੇਸ਼ਨ ਹੋ ਚੁਕਣ ਪਿਛੋਂ ਉਹ ਆਮ ਹਾਲਤ ਵਿਚ ਆ ਗਏ। ਇਸ ਵਾਕਿਆ ਤੋਂ ਭੀ ਅਸੀਂ ਇਸ ਹੀ ਨਤੀਜੇ ਤੇ ਪਹੁੰਚਦੇ ਹਾਂ ਕਿ **ਦੁਖ ਸੁਖ ਸਰੀਰ ਨਹੀਂ, ਮਨ ਹੀ ਪ੍ਰਤੀਤ ਕਰਦਾ ਹੈ।**

ਆਮ ਹਾਲਤ ਵਿਚ ਸਾਡਾ ਮਨ ਗਿਆਨ-ਇੰਦਰਿਆਂ ਦੇ ਰਾਹੀਂ ਸਰੀਰ ਨਾਲ ਜੁੜਿਆ, ਸਰੀਰ ਦੇ ਦੁਖ ਸੁਖ ਨੂੰ ਪ੍ਰਤੀਤ ਕਰ, ਹਰ ਵਕਤ ਦੁਖੀ ਸੁਖੀ ਹੁੰਦਾ ਰਹਿੰਦਾ ਹੈ। ਨੀਂਦ ਜਾਂ ਬੇਹੋਸ਼ੀ ਦੀ ਹਾਲਤ ਵਿਚ ਮਨ ਸਥਿਲ ਹੋ, ਦੁਖ ਸੁਖ ਪ੍ਰਤੀਤ ਕਰਨੋਂ ਰੁਕ ਜਾਂਦਾ ਹੈ। ਕਈ ਵਾਰੀ ਦੁਖੀ ਆਦਮੀ ਨੀਂਦ ਦੀ ਗੋਲੀ ਲੈ ਕੇ, ਜਾਂ ਕੋਈ ਨਸ਼ਾ ਆਦਿ



www.AKJ.Org

ਖਾ ਕੇ, ਬੇਹੋਸ਼ੀ ਦੀ ਹਾਲਤ ਪੈਦਾ ਕਰ, ਕੁਝ ਸਮੇਂ ਲਈ ਆਪਣੇ ਗ਼ਮ ਨੂੰ ਗ਼ਲਤ ਕਰਨ ਦੀ ਕੋਸ਼ਿਸ਼ ਕਰਦਾ ਹੈ। ਜਦੋਂ ਮਨ ਇਸ ਸਰੀਰ ਦੇ ਗਿਆਨ-ਇੰਦਰਿਆਂ ਨਾਲ ਜੁੜਿਆ ਹੁੰਦਾ ਹੈ ਤਾਂ ਜਿਸ ਭੀ ਇਕ ਜਾਂ ਇਕ ਤੋਂ ਵਧ ਗਿਆਨ-ਇੰਦਰਿਆਂ ਨਾਲ ਜੁੜਿਆ ਹੁੰਦਾ ਹੈ ਤਾਂ ਜਿਸ ਭੀ ਇਕ ਜਾਂ ਇਕ ਤੋਂ ਵਧ ਗਿਆਨ-ਇੰਦਰਿਆਂ ਨਾਲ ਜੁੜਿਆ ਹੁੰਦਾ ਹੈ ਅਤੇ ਜਿਸ ਭੀ ਗਿਆਨ-ਇੰਦਰੇ ਦੀ ਖਿਚ ਪ੍ਰਬਲ ਹੁੰਦੀ ਹੈ, ਇਹ ਉਸੀ ਖਿਚ ਦਾ ਐਸਾ ਖਿਚਿਆ ਤੁਰਿਆ ਜਾਂਦਾ ਹੈ ਕਿ ਕਈ ਦਫ਼ਾ ਮੌਤ ਦੇ ਮੂੰਹ ਵਿਚ ਭੀ ਜਾ ਪਹੁੰਚਦਾ ਹੈ। ਪਤੰਗੇ ਨੂੰ ਦ੍ਰਿਸ਼ਟੀ ਦੀ ਖਿੱਚ ਜਲਦੇ ਦੀਪਕ ਤਕ ਲੈ ਜਾ, ਭੰਵਰੇ ਨੂੰ ਨੱਕ (ਸੁਗੰਧੀ) ਦੀ ਖਿਚ ਫੁਲ ਦੇ ਵਿਚ ਬੰਦ ਕਰ, ਮੌਤ ਤਕ ਦਾ ਕਾਰਨ ਬਣ ਜਾਂਦੀ ਹੈ। ਇਸੀ ਤਰ੍ਹਾਂ ਜ਼ਬਾਨ-ਰਸ, ਕੰਨ-ਰਸ ਤੇ ਤਵੱਚਾ-ਰਸ ਦਾ ਹਾਲ ਸਮਝ ਲਵੋ। ਇਹ ਪੰਜੇ ਰਸ ਸਾਨੂੰ ਮਾਇਆ ਦੇ ਪੰਜਾਂ ਵਿਕਾਰਾਂ ਕਾਮ, ਕਰੋਧ, ਲੋਭ, ਮੋਹ ਤੇ ਅਹੰਕਾਰ ਦੇ ਐਸੇ ਕਾਇਆ-ਵਿਉ† ਵਿਚ ਲਿਜਾ ਫਸਾਉਂਦੇ ਹਨ ਜਿਥੋਂ ਬਾਹਰ ਨਿਕਲਣ ਦਾ ਰਸਤਾ ਹੀ ਕੋਈ ਨਹੀਂ ਮਿਲਦਾ। ਅਸੀਂ ਸਾਰੀ ਉਮਰ ਹੀ ਇਸੇ 'ਕਾਇਆ-ਵਿਉ' ਵਿਚ ਫਸੇ ਹੋਏ ਦੁਖੀ ਸੁਖੀ ਹੁੰਦੇ ਹੀ ਗੁਜ਼ਾਰ ਦਿੰਦੇ ਹਾਂ।

ਰਾਤ ਦੇ ਸਮੇਂ ਸਾਡੇ ਘਰ ਦੇ ਅੰਦਰ ਟੀਊਬ ਦੀ ਤੇਜ਼ ਰੋਸ਼ਨੀ ਹੁੰਦੀ ਹੈ। ਅਸੀਂ ਇਸ ਟੀਊਬ ਦੀ ਰੋਸ਼ਨੀ ਵਿਚੋਂ ਨਿਕਲ ਜਦੋਂ ਬਾਹਰ ਆਉਂਦੇ ਹਾਂ ਤਾਂ ਬਾਹਰ ਤਾਰਿਆਂ ਦੀ ਲੋਅ ਬਿਲਕੁਲ ਅੰਧੇਰਾ ਹੀ ਮਲੂਮ ਹੁੰਦੀ ਹੈ। ਪਰ ਜੇ ਅਸੀਂ ਬਾਹਰੋਂ ਇਸ ਤਾਰਿਆਂ ਦੀ ਲੋਅ ਵਿਚੋਂ ਅੰਧੇਰੇ ਮਕਾਨ ਅੰਦਰ ਦਾਖ਼ਲ ਹੋਈਏ ਤਾਂ ਸਾਨੂੰ ਅੰਦਰ ਅੰਧੇਰਾ-ਘੁਪ ਤੇ ਬਾਹਰ ਤਾਰਿਆਂ ਦੀ ਲੋਅ ਹੀ ਕਾਫ਼ੀ ਰੌਸ਼ਨੀ ਮਹਿਸੂਸ ਹੁੰਦੀ ਹੈ। ਠੀਕ ਇਸੀ ਤਰ੍ਹਾਂ ਹੀ ਸਰੀਰ ਦੇ ਇਨ੍ਹਾਂ ਪੰਜੇ ਗਿਆਨ-ਇੰਦਰਿਆਂ ਦੇ ਰਸ ਸਾਨੂੰ ਉਸ ਵੇਲੇ ਤਕ ਹੀ ਆਪਣੇ ਵਲ ਖਿਚਦੇ ਹਨ ਜਦੋਂ ਤਕ ਅਸੀਂ ਅੰਦਰੋਂ ਖ਼ਾਲੀ ਹੁੰਦੇ ਹਾਂ, ਭਾਵ, ਸਾਡੇ ਅੰਦਰ ਅੰਧੇਰਾ ਹੀ ਅੰਧੇਰਾ ਹੁੰਦਾ ਹੈ। ਪਰ ਜਦੋਂ ਇਨ੍ਹਾਂ ਪੰਜਾਂ ਹੀ ਸ਼ਕਤੀਆਂ ਦਾ ਸਾਡੇ ਅੰਦਰ ਨਾਮ-ਸਿਮਰਨ ਦੁਆਰਾ ਦਿਬ-ਲਤੀਫ਼ੀ ਜ਼ਹੂਰ ਆਣ ਹੁੰਦਾ ਹੈ ਤਾਂ ਇਨ੍ਹਾਂ ਬਾਹਰੀ ਗਿਆਨ-ਇੰਦਰਿਆਂ ਦੀ ਖਿੱਚ ਇਉਂ ਪ੍ਰਤੀਤ ਹੁੰਦੀ ਹੈ ਜਿਵੇਂ ਸੂਰਜ ਦੀ ਰੌਸ਼ਨੀ ਅਗੇ ਟਟੈਣੇ (ਜੁਗਨੂੰ) ਦੀ ਲੋਅ। ਇਸ ਦਸ਼ਾ ਵਿਚ ਮਨ ਲਈ ਬਾਹਰੀ ਮਾਇਆ ਦੀ ਖਿੱਚ ਕੋਈ ਖਿੱਚ ਨਹੀਂ ਰਹਿ ਜਾਂਦੀ। ਅੰਦਰ ਦੀਆਂ ਪੰਜਾਂ ਹੀ ਮਹਾਂ ਬਲੀ ਦਿਬ-ਲਤੀਫ਼ੀ ਸ਼ਕਤੀਆਂ ਦੀ ਖਿਚ ਵਿਚ ਖਿਚਿਆ ਮਨ ਐਸਾ ਮਖ਼ਮੂਰ ਹੁੰਦਾ ਹੈ ਕਿ ਫੇਰ ਇਸ ਨੂੰ ਬਾਹਰ ਦੀ ਕੋਈ ਸੁਧ ਬੁਧ ਹੀ ਨਹੀਂ ਰਹਿੰਦੀ। ਰਾਜ ਮੰਦਰੀ ਜੇਲ੍ਹ ਵਿਚ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਆਪਣੇ ਸਾਥੀ ਕੈਦੀ ਭਾਈ ਕਰਤਾਰ ਸਿੰਘ ਕੈਨੇਡੀਅਨ ਨੂੰ ਅੰਮ੍ਰਿਤ ਬਾਰੇ ਸਮਝਾਉਂਦੇ ਹੋਏ ਲਿਖਦੇ ਹਨ, "ਤੇਰਾ ਕੀ ਖ਼ਿਆਲ ਹੈ ਕਿ ਉਚੀ ਜੀਭ ਨਾਲ ਹੀ ਬੋਲੀਏ, ਤਾਹੀਉਂ ਸੁਣੀਦਾ ਹੈ? ਕੀ ਇਨ੍ਹਾਂ ਬੈਰੂਨੀ ਅੱਖਾਂ, ਕੰਨਾਂ, ਲੱਤਾਂ, ਹੱਥਾਂ ਤੋਂ ਬਿਨਾਂ ਅੰਦਰੂਨੀ ਸ਼ਕਤੀਆਂ ਨਹੀਂ, ਜੋ ਬੋਲ, ਸਮਝ, ਸੁਣ, ਵੇਖ, ਫਿਰ ਤੁਰ ਸਕਦੀਆਂ ਹਨ? ਤੂੰ ਭੀ ਨਾਮ-ਅਭਿਆਸੀ ਹੈਂ। ਆਪ ਹੀ ਕਈ ਵੇਖੀਆਂ ਸੁਣੀਆਂ ਗੱਲਾਂ ਦੱਸ ਚੁਕਾ ਹੈਂ।"

**ਹਕੀਕਤ ਇਹ ਹੈ ਕਿ ਜਦੋਂ ਤਕ ਸਾਡੇ ਅੰਦਰ ਇਨ੍ਹਾਂ ਦਿਬ ਲਤੀਫ਼ੀ ਸ਼ਕਤੀਆਂ ਦਾ ਜ਼ਹੂਰ ਨਹੀਂ ਹੁੰਦਾ, ਸਾਡਾ ਮਨ ਬਾਹਰੀ ਗਿਆਨ-ਇੰਦਰਿਆਂ ਦੀ ਖਿਚ ਨਾਲ ਹਮੇਸ਼ਾ ਹੀ ਖਿਚਿਆ ਜਾਂਦਾ ਰਹੇਗਾ।** ਜਦੋਂ ਇਹ ਹੀ ਸ਼ਕਤੀਆਂ ਸਾਡੇ ਅੰਤਰ-ਆਤਮੇ ਜ਼ਹੂਰ ਪਜ਼ੀਰ ਹੋ ਗਈਆਂ ਤਾਂ ਮਨ ਆਪਣੇ ਆਪ ਹੀ ਬਾਹਰ ਦੀ ਖਿੱਚ ਤੋਂ ਮੁਕਤ ਹੋ, ਅੰਦਰ ਦੀ ਖਿਚ ਅੰਦਰ ਗੜੂੰਦ ਰਹੇਗਾ। ਇਨ੍ਹਾਂ ਪੰਜਾਂ ਸ਼ਕਤੀਆਂ ਦਾ ਜ਼ਹੂਰ ਅੰਤਰ-ਆਤਮੇ ਹੁੰਦਾ ਮਹਾਂ ਪੁਰਸ਼ਾਂ ਤੋਂ ਇਸ ਪਰਕਾਰ ਸੁਣੀਦਾ ਹੈ ਕਿ ਨਾਮ ਜਪਦਿਆਂ ਜਦੋਂ ਸਵਾਸ ਨਾਭੀ ਵਿਚ ਰੁਕਦੇ ਹਨ, ਤਾਂ ਨਾਭੀ ਤੇ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ, ਜਿਸ ਦੀ ਰੋਸ਼ਨੀ ਕੁਝ ਸੂਰਜਾਂ ਦੀ ਰੌਸ਼ਨੀ ਸਮਾਨ ਹੁੰਦੀ ਹੈ। ਇਹ ਪ੍ਰਕਾਸ਼ ਸਾਡੀ ਨਿਜ ਆਤਮਾ, ਜਿਹੜੀ ਪਰਮ-ਆਤਮਾ ਦੀ ਅੰਸ਼ ਹੈ, ਦਾ ਹੁੰਦਾ ਹੈ। ਇਸ ਪ੍ਰਕਾਸ਼ ਦੇ ਸੁਹੱਪਣ ਅਗੇ ਦੁਨੀਆ ਦੇ ਸਾਰੇ ਪ੍ਰਕਾਸ਼ ਤੇ ਸੁਹੱਪਣ ਫਿਕੇ ਪੈ ਜਾਂਦੇ ਹਨ, ਜ਼ਬਾਨ ਤੇ ਅਕਹਿ ਮਿਠਾਸ ਵਾਲਾ ਰਸ ਆਉਣ ਲਗ ਜਾਂਦਾ ਹੈ,

† ਕਾਇਆ-ਵਿਉ ਮਹਾਂ-ਭਾਰਤ ਦੀ ਰਣ-ਭੂਮੀ ਵਿਚ ਬਣਾਈ ਐਸੀ ਕਿਲ੍ਹਾ-ਬੰਦੀ ਸੀ, ਜਿਸ ਵਿਚ ਦਾਖ਼ਲ ਪੁਰਸ਼ ਬਾਹਰ ਨਹੀਂ ਨਿਕਲ ਸਕਦਾ ਸੀ।



www.AKJ.Org

ਜਿਸ ਦੇ ਅਗੇ ਦੁਨੀਆ ਦੇ ਸਾਰੇ ਹੀ ਭੋਜਨਾਂ ਬਿੰਜਨਾਂ ਦੀ ਰੁਚੀ ਮੁਕ ਠੁਕ ਜਾਂਦੀ ਹੈ। "ਗੁਰਮੁਖਿ ਰੋਮਿ ਰੋਮਿ ਹਰਿ ਧਿਆਵੈ"* ਤੋਂ ਅਗੇ ਲੰਘ ਪ੍ਰਕਿਰਤੀ ਦੇ ਜ਼ੱਰੇ ਜ਼ੱਰੇ ਵਿਚੋਂ ਨਾਮ ਦੀ ਅਤਿ ਸੁਰੀਲੀ ਲੈਅ ਸੁਣਨ ਲਗ ਜਾਂਦਾ ਹੈ, ਜਿਸ ਦੀ ਮਸਤੀ ਵਿਚ ਮਸਤ ਹੋ ਦੁਨੀਆ ਦੇ ਸਭ ਰਾਗ ਰਤਨ ਮਾਤ ਪੈ ਜਾਂਦੇ ਹਨ। ਹਿਰਨ ਆਪਣੇ ਨਾਫੇ ਵਿਚੋਂ ਨਿਕਲਦੀ ਕਸਤੂਰੀ ਦੀ ਖ਼ੁਸ਼ਬੂ ਨੂੰ ਨਾ ਜਾਣਦਾ ਹੋਇਆ, ਆਪਣੇ ਤੋਂ ਬਾਹਰ ਖ਼ੁਸ਼ਬੂ ਦੀ ਭਾਲ ਕਰਦਾ ਹੈ, ਪਰ ਇਹ ਖ਼ੁਸ਼ਬੂ ਹੁੰਦੀ ਉਸ ਦੇ ਅੰਦਰ ਹੀ ਹੈ। ਇਸੀ ਤਰ੍ਹਾਂ ਨਾਮ-ਅਭਿਆਸੀ ਦੇ ਅੰਦਰ ਭੀ ਜੋ ਸੁਗੰਧੀ ਪੈਦਾ ਹੋ ਜਾਂਦੀ ਹੈ, ਉਸ ਬਾਰੇ ਭਾਈ ਸਾਹਿਬ ਰਣਧੀਰ ਸਿੰਘ ਜੀ, ਭਾਈ ਕਰਤਾਰ ਸਿੰਘ ਕੈਨੇਡੀਅਨ ਨੂੰ ਇਸ ਪਰਕਾਰ ਦਸਦੇ ਹਨ, "......ਦੁਨਿਆਵੀ ਕਸਤੂਰੀ, ਬਾਵਨ ਚੰਦਨ ਤੋਂ ਵਧ ਕੇ ਸੁਗੰਧ ਨਾਮ-ਅਭਿਆਸੀ ਵਿਚ ਪੈਦਾ ਹੋ ਜਾਂਦੀ ਹੈ,...... ਅੰਦਰ ਐਨੀ ਸੁਗੰਧ ਪੈਦਾ ਹੋ ਜਾਂਦੀ ਹੈ ਕਿ ਕੋਈ ਦੁਰਗੰਧ ਨਾਸਾਂ ਤਾਈਂ ਪੁਜ ਹੀ ਨਹੀਂ ਸਕਦੀ।"

ਅੰਤਰਿ ਵਾਸੁ ਬਹੁਤੁ ਮੁਸਕਾਈ ਭ੍ਰਮਿ ਭੂਲਾ ਮਿਰਗੁ ਸਿੰਙ੍ਹਾਰੇ ॥੪॥ (ਪੰਨਾ ੯੮੨)
ਜਨੁ ਨਾਨਕੁ ਮੁਸਕਿ ਝਕੋਲਿਆ ਸਭੁ ਜਨਮੁ ਧਨੁ ਧੰਨਾ ॥ (ਪੰਨਾ ੪੪੮-੪੯)

ਉਪਰ ਹੁਣ ਤਕ ਅੱਖ, ਕੰਨ, ਨੱਕ ਤੇ ਜ਼ਬਾਨ ਦੇ ਰਸਾਂ ਦਾ ਜ਼ਿਕਰ ਹੋ ਚੁਕਾ ਹੈ। ਖਲ ਜਾਂ ਤਵੱਚਾ ਦੇ ਗੁਣ ਸਪਰਸ਼ ਦਾ ਜ਼ਿਕਰ ਗੁਰਬਾਣੀ ਵਿਚ ਜਿਸ ਪਰਕਾਰ ਮਿਲਦਾ ਹੈ, ਉਸ ਦਾ ਵਰਨਣ ਭਾਈ ਸਾਹਿਬ ਰਣਧੀਰ ਸਿੰਘ ਜੀ ਆਪਣੀ ਪੁਸਤਕ "ਅਨਹਦ ਸ਼ਬਦ-ਦਸਮ ਦੁਆਰ" ਦੇ ਲੇਖ 'ਆਤਮ ਭੋਗ' ਵਿਚ ਇਸ ਪਰਕਾਰ ਕਰਦੇ ਹਨ, "......ਰਿਦੰਤਰੀ ਸੇਜ ਉਤੇ ਅਚਰਜ ਆਤਮ-ਅਨੰਦੀ ਭੋਗ ਹੋਣ ਲਗ ਪੈਂਦੇ ਹਨ, ਜਿਨ੍ਹਾਂ ਦਾ ਸੁਆਦ ਅਤਿ ਅਨੂਪ ਬਿਸਮਾਦ ਵਾਲਾ ਹੁੰਦਾ ਹੈ। ਵਿਸ਼ੇ ਭੋਗ ਸੁਆਦ, ਇਸ ਅਗਾਧ ਆਤਮ-ਭੋਗ ਅਨੰਦੀ ਸੁਆਦ ਦੇ ਮੁਕਾਬਲੇ ਤਸੂ ਮਾਤਰ ਭੀ ਨਹੀਂ, ਅਤੀਅੰਤ ਹੀ ਤੁਛ ਹੈ। ਇਸ ਆਤਮ-ਭੋਗ ਆਨੰਦ ਦਾ ਪਾਰਾਵਾਰ ਹੀ ਕੁਛ ਨਹੀਂ। ਵਿਸ਼ੇ-ਭੋਗ ਦਾ ਸੁਆਦ ਤਾਂ ਤਨਕ ਛਿਨ ਪਿਛੋਂ ਫਿੱਕਾ ਪੈ ਜਾਂਦਾ ਹੈ, ਆਤਮ-ਭੋਗ ਰਹੱਸੀ ਆਨੰਦ ਸੁਆਦ ਛਿਨ ਛਿਨ ਸਹਿਜ ਤਾਰ ਵਿਚ ਵਧਦਾ ਹੀ ਰਹਿੰਦਾ ਹੈ, ਘਟਦਾ ਕਦੇ ਨਹੀਂ, ਨਾ ਕਦੇ ਫਿੱਕਾ ਪੈਂਦਾ ਹੈ। ਜਦੋਂ ਇਸ ਦੀ ਝਾਲ ਝਲੀ ਨਹੀਂ ਜਾਂਦੀ ਤਾਂ ਇਸ ਸੁਆਦ ਦੀ ਅਜਰ-ਪਦ-ਜਰਨੀ ਸਹਜ ਬਿਵਸਥਾ ਬਣ ਆਉਣ ਲਈ ਨਵਲ ਸੁਹਾਗਣੀ ਵਲੋਂ ਜੋਦੜੀਆਂ ਹੋਣ ਲਗ ਪੈਂਦੀਆਂ ਹਨ : ਹੇ ਰੀਸਾਲੂ ਸੁਖਦਾਈ ਕੰਤੜੇ! ਸਹਜੇ ਸਹਜੇ ਸੇਜੜੀ ਨੂੰ ਰਾਵੋ! ਜਾਂ ਤੇ ਸਹਜ ਆਤਮ-ਭੋਗ ਰਸ-ਰੰਗ ਬਣਿਆ ਰਹੇ। ...ਇਹ ਕੋਈ ਅਲੰਕਾਰਕ ਰਚਨਾ ਨਹੀਂ ਹੈ, **ਤੱਤ ਹਕੀਕੀ ਘਟਨਾ ਹੈ।** ਰਸ ਰਮੰਨੜੀ ਸੁਹਾਗਣਿ ਪ੍ਰਮਾਰਥੀ ਜਗਿਆਸਾ ਵਾਲੀ ਮੇਲ ਲਈ ਰੂਹੜੀ ਦੇ ਅੰਕ ਅੰਕ ਵਿਚੋਂ, ਇਕ-ਮਿਕ, ਵਸਲ ਮਿਲਾਪ ਦਾ, ਅਲੌਕਿਕ ਹੜ੍ਹ ਰੋਮ ਰੋਮ ਵਿਚੋਂ ਸਫੁਟ ਹੋਇ ਹੋਇ ਨਿਕਲਦਾ ਹੈ।"

ਵਿਦਤ ਰਹੇ ਕਿ ਇਹ ਅਕਹਿ ਖੇੜੇ ਦੀ ਹਾਲਤ ਹਾਲੇ ਸਿਰਫ ਸਾਡੇ ਨਿਜ-ਆਤਮਾ ਦੇ ਸਾਖਸ਼ਾਤਕਾਰ ਦਾ ਨਤੀਜਾ ਹੈ, ਜਿਸ ਦਾ ਪ੍ਰਕਾਸ਼ ਕੁਝ ਸੂਰਜਾਂ ਸਮਾਨ ਹੈ। ਜਦੋਂ ਦਸਮ ਦੁਆਰ ਦਾ ਉਘਾੜ ਹੁੰਦਾ ਹੈ ਤਾਂ ਉਥੇ ਕੋਟਾਨ-ਕੋਟ, ਭਾਵ, ਕਰੋੜਹਾ ਸੂਰਜਾਂ ਦੇ ਪ੍ਰਕਾਸ਼ ਸਮਾਨ ਪ੍ਰਕਾਸ਼ ਹੁੰਦਾ ਹੈ। ਇਸ ਪਦ ਪੁਜਿਆਂ, ਇਹ ਖੇੜੇ ਦੀ ਹਾਲਤ ਭੀ ਕਰੋੜਹਾ ਗੁਣਾ ਹੋ ਜਾਂਦੀ ਹੈ ਤਾਂ ਫੇਰ ਇਸ ਖੇੜੇ ਦੀ ਝਾਲ ਨੂੰ ਕੌਣ ਝਲੇ। ਭਾਈ ਸਾਹਿਬ "ਅਨਹਦ ਸ਼ਬਦ ਦਸਮ ਦੁਆਰ" (ਗਗਨ ਉਡਾਰੀ) ਵਿਚ ਲਿਖਦੇ ਹਨ, "ਇਹ ਪਰਮ ਪਦ ਸਤਿਗੁਰ ਦ੍ਰਿੜ੍ਹਾਏ ਸ਼ਬਦ ਗੁਰਮੰਤਰ ਨਾਲ ਪਰਚਾ ਪਾਉਣ ਕਰਿ ਪ੍ਰਾਪਤ ਹੁੰਦਾ ਹੈ। ਫੇਰ ਤਾਂ ਸੂਰਸਰ, ਸੋਮਸਰ, ਇੜਾ, ਪਿੰਗਲਾ, ਸੁਖਮਨਾ ਸਾਰੀਆਂ ਨਾੜੀਆਂ ਹੀ ਰਸ-ਜੋਤਿ ਭਰਪੁਰ-ਲੀਣੀਆਂ ਹੋ ਕੇ, ਜੋਤਿ ਤੇਜਸਵੀ ਚਾਨਣੇ ਨਾਲ ਜਗਮਗਾ ਉਠਦੀਆਂ ਹਨ ਅਤੇ ਸਾਰੇ ਨਭ-ਨਾਭ ਪੁਲਾੜ ਵਿਖੇ **ਕੋਟ-ਭਾਨ-ਉਜਿਆਰਾ** ਕਿਰਣ-ਪਸਰੱਣਤ ਹੋ ਕੇ ਦਗ ਉਠਦਾ ਹੈ।"

ਇਸ ਪਦ ਪੁਜਿਆਂ ਦੁਖ ਤੇ ਪਾਪ ਗੁਰਮੁਖ ਦੇ ਨੇੜੇ ਫਟਕ ਭੀ ਨਹੀਂ ਸਕਦੇ। ਗੁਰਮੁਖ ਹਰ ਵਕਤ ਪਰਮਾਤਮ-ਵਸਲ ਦੇ ਅਨੰਦ ਵਿਚ ਮਖ਼ਮੂਰ, ਮੁਸਕੜੀਏ ਮੁਸਕ੍ਰਾਉਂਦਾ ਰਹਿੰਦਾ ਹੈ। ਜਿਨ੍ਹਾਂ ਸਜਨਾਂ ਨੇ ਡਾਕਟਰ ਸੁਰਿੰਦਰ ਸਿੰਘ ਜੀ ਦੇ ਦਰਸ਼ਨ ਕੀਤੇ ਹਨ ਉਹ ਜਾਣਦੇ ਹਨ ਕਿ ਉਨ੍ਹਾ ਦੇ ਹਸੂੰ ਹਸੂੰ ਕਰਦੇ ਚੇਹਰੇ ਦੀ ਲਾਲੀ ਤੇ ਅਖੀਆਂ ਵਿਚ...

* ਰਾਮਕਲੀ ਮ: ੧ ਸਿਧ ਗੋਸਟਿ, ਅੰਕ ੨੭, ਪੰਨਾ ੯੪੧



www.AKJ.Org

# ਸੀਸ-ਮਾਰਗ ਤੇ ਭਾਈ ਜੈਤਾ ਜੀ

[ਸ: ਸੰਗਤ ਸਿੰਘ ਹੀਰਾ, ਡੀ. 237, ਨਹਿਰੂ ਵਿਹਾਰ, ਦਿਲੀ-7]

ਭਾਈ ਜੈਤਾ ਜੀ ਨੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਸ਼ਹੀਦੀ ਪਿਛੋਂ ਦਿਲੀ ਚਾਂਦਨੀ ਚੌਕ ਵਾਲੀ ਥਾਂ ਤੋਂ ਉਨ੍ਹਾਂ ਦਾ ਪਵਿਤਰ ਸੀਸ ਲੈ ਕੇ ਅਨੰਦਪੁਰ ਸਾਹਿਬ ਵਲ ਚਾਲੇ ਪਾ ਦਿਤੇ। ਸੀਸ ਦੇ ਗ਼ਾਇਬ ਹੋ ਜਾਣ ਕਾਰਨ ਜ਼ਰੂਰੀ ਸੀ ਕਿ ਹਰ ਪਾਸੇ ਹਲ-ਚਲ ਮਚ ਜਾਂਦੀ ਤੇ ਮੁਗਲੀਆ ਸਰਕਾਰ ਦੇ ਸਿਪਾਹੀਆਂ ਅਤੇ ਸੈਨਾ ਵਲੋਂ ਉਸ ਦੀ ਖੋਜ ਅਰੰਭ ਦਿਤੀ ਜਾਂਦੀ। ਇਸ ਲਈ ਸੀਸ ਨੂੰ ਹਨੇਰੇ ਵਿਚ ਛੁਪਾ ਕੇ ਹੀ ਲਿਜਾਇਆ ਜਾ ਸਕਦਾ ਸੀ, ਤਾਂ ਜੁ ਸਰਕਾਰੀ ਸਿਪਾਹੀਆਂ ਦੇ ਹੱਥ ਆਉਣ ਤੋਂ ਬਚਿਆ ਜਾ ਸਕੇ। ਸੋ ਭਾਈ ਜੈਤਾ ਜੀ ਪਾਨੀਪਤ ਤੇ ਕਰਨਾਲ ਹੁੰਦੇ ਹੋਏ, ਤਰਾਵੜੀ ਇਕ ਗੁਰਸਿੱਖ ਭਾਈ ਦੇਵਾ ਰਾਮ ਦੇ ਘਰ ਜਾ ਪਹੁੰਚੇ ਅਤੇ ਪਰਵਾਰ ਨੂੰ ਸੀਸ ਦੇ ਦਰਸ਼ਨ ਕਰਾਏ। ਇਥੇ ਰਾਤ ਬਿਸਰਾਮ ਕੀਤਾ। ਹੁਣ ਇਸ ਥਾਂ ਤੇ ਗੁਰਦਵਾਰਾ ਪਾਤਸ਼ਾਹੀ ੯ ਸਥਾਪਤ ਹੈ। ਅੰਮ੍ਰਿਤ ਵੇਲੇ ਸੀਸ ਨੂੰ ਨਿੰਮ ਦੇ ਪੱਤਿਆਂ ਵਿਚ ਰਖ ਕੇ ਰੁਮਾਲੇ ਵਿਚ ਲਪੇਟ ਕੇ ਅੰਤਮ ਦਰਸ਼ਨ ਕਰਵਾਏ ਤੇ ਅਗੇ ਅੰਬਾਲਾ ਸ਼ਹਿਰ ਵਲ ਚਲ ਪਏ।

ਅੰਬਾਲਾ ਸ਼ਹਿਰ, ਜੋ ਤਰਾਵੜੀ ਤੋਂ ੪੦ ਮੀਲ ਹੈ, ਉਸ ਜ਼ਮਾਨੇ ਵਿਚ ਇਸ ਥਾਂ ਦੇ ਕੋਲ, ਜਿਥੇ ਅੱਜ ਕਲ੍ਹ ਜਗਾਧਰੀ ਗੇਟ ਹੈ ਤੇ ਮਿਉਂਸਪਲ ਕਮੇਟੀ ਦੇ ਦਫ਼ਤਰ ਹਨ, ਉਦੋਂ ਇਥੇ ਟਾਂਗਰੀ (ਜਾਂ ਡਾਂਗਰੀ) ਨੱਦੀ ਵੱਗਦੀ ਸੀ। ਭਾਈ ਜੈਤਾ ਜੀ ਨੇ ਸਿਰ ਤੇ ਸਤਿਗੁਰਾਂ ਦਾ ਸੀਸ ਰਖੇ ਹੋਇਆਂ ਨਦੀ ਪਾਰ ਕੀਤੀ। ਇਥੇ ਬੇਰੀਆਂ ਦੇ ਝੁੰਡ ਦੀ ਛਾਂ ਵੇਖ ਕੇ ਸਿਰ ਤੋਂ ਟੋਕਰਾ ਉਤਾਰ ਕੇ ਬੜੇ ਸਤਿਕਾਰ ਨਾਲ ਉੱਚੀ ਥਾਂ ਤੇ ਰਖ ਦਿਤਾ।

ਇਸ ਥਾਂ ਦੇ ਨੇੜੇ ਗਰੀਬ ਤੇ ਕਿਰਤੀ ਲੋਕਾਂ ਦੀਆਂ ਝੌਂਪੜੀਆਂ ਸਨ, ਜਿਨ੍ਹਾਂ ਵਿਚ ਬਹੁਤੇ ਘੁਮਿਆਰ ਸਨ। ਇਥੇ ਹੀ ਆਰਾਮ ਕਰਨ ਲਈ ਕਿਸੇ ਸਿਖ ਦੇ ਘਰ ਦੀ ਭਾਲ ਵਿਚ ਸਨ। ਇਕ ਬ੍ਰਿਧ ਰਾਹੀਂ ਪਤਾ ਲਗਾ ਕਿ "ਤੁਅੱਕਲ ਸ਼ਾਹ ਦੇ ਤਕੀਏ" ਜਿਥੇ ਪੀਰ ਗ਼ੈਬ ਸ਼ਾਹ ਦੀ ਜਗ੍ਹਾ ਹੈ, ਪਾਸ ਹੀ ਇਕ ਹਿੰਦੂਆਂ ਦਾ ਘਰ ਹੈ, ਪਰ ਉਸ ਬਸਤੀ ਵਿਚ ਮੁਸਲਮਾਨਾਂ ਦੀ ਆਬਾਦੀ ਵਧੇਰੇ ਹੈ। ਭਾਈ ਜੈਤਾ ਜੀ ਨਿਰਭੈ ਹੋ ਕੇ ਉਸ ਬਸਤੀ ਵਲ ਤੁਰ ਪਏ। ਰਸਤੇ ਵਿਚ ਪੀਰ ਜੀ ਮਿਲ ਪਏ, ਅਗੇ ਹੋ ਕੇ ਕਿਹਾ, "ਆਉ ਭਾਈ ਜੀ ! ਤੁਸੀਂ ਸਾਡੇ ਮਹਿਮਾਨ ਹੋ।" ਪੀਰ ਨੂੰ ਵੇਖ ਕੇ ਕੁਝ ਝਿਜਕ ਮਹਿਸੂਸ ਕੀਤੀ। ਪਰ ਪੀਰ ਜੀ ਨੇ ਬੜੇ ਪਿਆਰ ਨਾਲ ਕਿਹਾ, "ਜਿਨ੍ਹਾਂ ਦੀ ਤੁਸੀਂ ਕਾਰ ਕਰਦੇ ਹੋ, ਮੈਂ ਵੀ ਉਨ੍ਹਾਂ ਦੇ ਚਰਨਾਂ ਦੀ ਖ਼ਾਕ ਹਾਂ। ਮੈਂ ਸਭ ਕੁਝ ਜਾਣਦਾ ਹਾਂ।" ਪੀਰ ਜੀ ਦੇ ਇਹ ਬਚਨ ਸੁਣ ਕੇ ਇਨਕਾਰ ਨਾ ਕਰ ਸਕੇ ਤੇ ਉਨ੍ਹਾਂ ਦੇ ਪਿਛੇ ਤੁਰ ਪਏ। ਭਾਈ ਰਾਮ ਜੀ ਦੇ ਘਰ ਪੁਜ ਕੇ, ਪੀਰ ਜੀ ਨੇ ਸਤਿਗੁਰਾਂ ਦੇ ਸੀਸ ਨੂੰ ਸਿਰ ਨਿਵਾ ਕੇ ਸਤਿਕਾਰ ਕੀਤਾ ਤੇ ਭਾਈ ਜੈਤਾ ਜੀ ਨੂੰ ਹੌਸਲਾ ਦੇ ਕੇ ਵਾਪਸ ਤਕੀਏ ਪਰਤ ਆਏ। ਭਾਈ ਰਾਮ ਜੀ ਦੇ ਪਰਵਾਰ ਵਿਚ ਬੈਠ ਕੇ ਉਨ੍ਹਾਂ ਨੂੰ ਮਹਾਰਾਜ ਜੀ ਦੇ ਸੀਸ ਦੇ ਦਰਸ਼ਨ ਕਰਾਏ ਅਤੇ ਰਾਤ ਉਥੇ ਬਿਸਰਾਮ ਕੀਤਾ। ਅੰਮ੍ਰਿਤ ਵੇਲੇ ਹੀ ਸੀਸ ਨੂੰ ਨਿੰਮ

---

☬ ਨੂਰ ਦੀ ਝਲਕ, ਉਨ੍ਹਾਂ ਦੇ ਅੰਦਰੂਨੀ ਖੇੜੇ ਨੂੰ ਪਰਤੱਖ ਦਰਸਾਉਂਦੀ ਸੀ। ਜਦੋਂ ਗੁਰਮੁਖ ਉਪਰ ਲਿਖੀ ਦਿਬ ਲਤੀਫ਼ੀ ਸ਼ਕਤੀਆਂ ਨੂੰ ਆਪਣੇ ਅੰਦਰ ਪਰਤੱਖ ਦੇਖਦਾ ਸੁਣਦਾ ਜਾਂ ਮਹਿਸੂਸ ਕਰਦਾ ਹੈ ਤਾਂ ਉਸ ਲਈ ਬਾਹਰੀ ਗਿਆਨ-ਇੰਦਰਿਆਂ ਦੇ ਰਸ ਫੀਕ-ਫੀਕਾਨੇ ਹੋ ਜਾਂਦੇ ਹਨ ਤੇ ਇਨ੍ਹਾਂ ਦੀ ਖਿਚ ਕੋਈ ਖਿਚ ਨਹੀਂ ਰਹਿ ਜਾਂਦੀ। ਉਹ ਹਰ ਵਕਤ ਅੰਤਰ-ਮੁਖ ਰਹਿ ਕੇ ਇਨ੍ਹਾਂ ਦੇ ਆਨੰਦ ਮਾਨਣ ਵਿਚ ਮਖ਼ਮੂਰ ਰਹਿੰਦਾ ਹੈ, ਪਰ ਗੂੰਗੇ ਦੀ ਮਠਿਆਈ ਵਾਂਗੂੰ, ਇਸ ਅਨੰਦ ਦਾ ਬਿਆਨ ਨਹੀਂ ਕਰ ਸਕਦਾ।

ਇਸ ਅਵੱਸਥਾ ਤੇ ਪੁਗ ਖਲੋਤੇ ਗੁਰਮੁਖਾਂ ਨੂੰ ਸਰੀਰਕ ਦੁਖ ਸੁਖ ਮਹਿਸੂਸ ਹੀ ਨਹੀਂ ਹੁੰਦੇ, ਕਿਉਂਕਿ ਉਹ ਮਹਾਨ ਸੁਖਾਂ ਦੇ ਸੋਮੇ ਨਾਲ ਇਕ-ਮਿਕ ਹੋਏ ਹੁੰਦੇ ਹਨ। ਅਜਿਹੇ ਮਰ-ਜੀਊੜਿਆਂ ਬਾਰੇ ਹੀ ਜਪੁਜੀ ਸਾਹਿਬ ਵਿਚ ਫ਼ੁਰਮਾਨ ਹੈ— ਨਾਨਕ ਭਗਤਾ ਸਦਾ ਵਿਗਾਸੁ ॥ ਸੁਣਿਐ ਦੂਖ ਪਾਪ ਕਾ ਨਾਸੁ ॥੮॥



www.AKJ.Org

ਦੇ ਪੱਤਿਆਂ ਵਿਚ ਰਖ ਕੇ ਰੁਮਾਲੇ ਵਿਚ ਲਪੇਟ ਕੇ ਇਥੋਂ ਅਗੇ ਨਾਭਾ ਪਿੰਡ‡ ਵਲ ਚਲ ਪਏ ।

ਨਾਭਾ ਪਿੰਡ, ਜੋ ਅੰਬਾਲਾ ਤੋਂ ਲਗ-ਭਗ ੧੫ ਮੀਲ ਦੂਰ (ਤਸੀਲ ਰਾਜਪੁਰਾ ਥਾਣਾ ਲਾਲੜੂ) ਰੇਲਵੇ ਸਟੇਸ਼ਨ ਘੱਗਰ ਤੋਂ ੪ ਮੀਲ ਪੱਛਮ ਵੱਲ ਹੈ, ਇਥੇ ਗੁਰਦਵਾਰਾ ਚੋਆ ਸਾਹਿਬ ਹੈ। ਇਥੇ ਕੁਝ ਸਮਾਂ ਬਿਸਰਾਮ ਕੀਤਾ। ਜਿਸ ਪਾਸ ਟਿਕੇ ਸਨ, ਉਹ ਮੁਸਲਮਾਨ ਫ਼ਕੀਰ ਸੀ। ਇਥੋਂ ਚਲ ਕੇ ਸਿਧੇ ਕੀਰਤਪੁਰ ਸਾਹਿਬ, ਜੋ ਲਗ-ਪਗ ੫੫ ਮੀਲ ਦੂਰ ਹੈ, ਜਾ ਦਮ ਲਿਆ। ਬੜੇ ਆਦਰ ਨਾਲ ਇਥੇ ਸੀਸ ਟਿਕਾ ਦਿਤਾ ਗਿਆ। ਇਥੋਂ ਭਾਈ ਅਡਾ ਜੀ ਅਨੰਦਪੁਰ ਖ਼ਬਰ ਦੇਣ ਗਏ ਅਤੇ ਉਥੇ ਦੀ ਸੰਗਤ, ਮਾਤਾ ਨਾਨਕੀ ਜੀ, ਮਾਤਾ ਗੁਜਰੀ ਜੀ, ਮਾਮਾ ਕਿਰਪਾਲ ਚੰਦ ਅਤੇ ਬਾਲ ਦਸਮੇਸ਼ ਗੁਰੂ ਜੀ ਕੀਰਤਪੁਰ ਪੁਜੇ। ਕੀਰਤਪੁਰ ਇਸ ਲਈ ਸਿਰ ਟਿਕਾਇਆ ਸੀ ਕਿਉਂਕਿ ਪਤਾਲਪੁਰੀ ਸ੍ਰੀ ਗੁਰੂ ਹਰਿਗੋਬਿੰਦ ਜੀ ਅਤੇ ਸ੍ਰੀ ਗੁਰੂ ਹਰਿ ਰਾਇ ਜੀ ਦੇ ਅੰਗੀਠੇ ਸਨ ਅਤੇ ਇਹ ਪੁਛਣਾ ਜ਼ਰੂਰੀ ਸੀ ਕਿ ਸਸਕਾਰ ਕੀਰਤਪੁਰ ਤਾਂ ਨਹੀਂ ਕਰਨਾ। ਦਸਮੇਸ਼ ਗੁਰੂ ਜੀ ਨੇ ਅਨੰਦਪੁਰ ਸਾਹਿਬ ਹੀ ਸਸਕਾਰ ਕਰਨ ਦਾ ਫ਼ੈਸਲਾ ਕੀਤਾ। ਸੰਗਤਾਂ ਕੀਰਤਨ ਕਰਦੀਆਂ ਸੀਸ ਨੂੰ ਅਨੰਦਪੁਰ ਸਾਹਿਬ ਲੈ ਆਈਆਂ। ਮਾਤਾ ਗੁਜਰੀ ਜੀ ਨੇ ਜਦ ਆਪਣੇ ਪਤੀ-ਗੁਰੂ ਜੀ ਦਾ ਸੀਸ ਦੇਖਿਆ ਤਾਂ ਅਡੋਲ ਰਹੇ, ਮੱਥਾ ਟੇਕਿਆ ਅਤੇ ਜੋਦੜੀ ਕੀਤੀ, "ਤੁਹਾਡੀ ਨਿਭ ਗਈ, ਮੇਰੀ ਵੀ ਨਿਭ ਆਏ।" ਸੀਸ ਨੂੰ ਗੁਲਾਬ ਦੇ ਜਲ ਨਾਲ ਧੋਤਾ ਗਿਆ ਅਤੇ ਚੰਦਨ ਦੀ ਚਿਖਾ ਤੇ ਰਖ ਸਸਕਾਰ ਕੀਤਾ ਗਿਆ। ਜੁੜੀਆਂ ਹੋਈਆਂ ਸੰਗਤਾਂ ਨੂੰ ਕਲਗੀਧਰ ਜੀ ਨੇ ਸੰਬੋਧਨ ਕਰਦਿਆਂ ਕਿਹਾ ਕਿ, "ਮਨ ਡੁਲਾਉਣ ਦੀ ਲੋੜ ਨਹੀਂ। ਗੁਰੂ ਅਰਜਨ ਦੇਵ ਜੀ ਫ਼ੁਰਮਾ ਗਏ ਹਨ ਕਿ ਪਰਉਪਕਾਰੀ ਜਨ ਇਸੇ ਲਈ ਆਉਂਦੇ ਹਨ ਕ ਪ੍ਰਾਣੀ ਮਾਤ੍ਰ ਨੂੰ ਜੀਅ ਦਾਨ ਦੇ ਕੇ ਭਗਤੀ ਲਾਉਣ ਅਤੇ ਵਾਹਿਗੁਰੂ ਨਾਲ ਇਕ-ਮਿਕ ਹੋਣ ਦੀ ਜਾਚ ਸਿਖਾਉਣ। ਗੁਰੂ ਤੇਗ਼ ਬਹਾਦਰ ਜੀ ਆਪਣਾ ਸੀਸ ਦੇ ਕੇ ਸਾਰੇ ਸੰਸਾਰ ਨੂੰ ਜੀਵਨ-ਦਾਨ ਦੇ ਗਏ ਹਨ।"

ਜਦ ਭਾਈ ਜੈਤਾ ਜੀ ਦੀ ਕੁਰਬਾਨੀ, ਜੁਰੱਅਤ ਤੇ ਵਿਉਂਤ ਦੀ ਗਾਥਾ ਸੁਣੀ ਤਾਂ ਛਾਤੀ ਨਾਲ ਲਗਾਇਆ ਅਤੇ "ਰੰਘਰੇਟੇ ਗੁਰੂ ਕੇ ਬੇਟੇ" ਕਰ ਕੇ ਸਨਮਾਨਿਆ। ਰੰਘਰੇਟੇ ਸੂਰਬੀਰ ਨੂੰ ਦਸਤਾਰ ਤੇ ਚੋਲੇ ਦੀ ਬਖਸ਼ਸ਼ ਨਾਲ ਨਿਵਾਜਿਆ ਅਤੇ ਇਕ ਦਸਤੇ ਦਾ ਜਥੇਦਾਰ ਥਾਪ ਦਿਤਾ।

ਭਾਈ ਜੈਤਾ ਜੀ ਦਾ ਜਨਮ ੨ ਸਤੰਬਰ ੧੬੬੧ ਈ: ਨੂੰ ਪਟਨਾ ਵਿਖੇ ਬਾਬਾ ਸਦਾ ਰਾਮ ਦੇ ਘਰ ਮਾਤਾ ਪ੍ਰੇਮੋ ਦੀ ਕੁਖੋਂ ਹੋਇਆ। ਮਾਤਾ ਜੀ ਬੱਚੇ ਨੂੰ ਜਨਮ ਦੇ ਕੇ ਗੁਜ਼ਰ ਗਏ। ਭਾਈ ਜੈਤਾ ਜੀ ੧੬੯੯ ਈ: ਦੀ ਵਿਸਾਖੀ ਤੇ ਖੰਡੇ ਦੀ ਪਾਹੁਲ ਛਕ ਕੇ ਭਾਈ ਜੀਵਨ ਸਿੰਘ ਬਣੇ। ੨੩ ਦਸੰਬਰ ੧੭੦੪ ਈ: ਨੂੰ ਸ਼ਹੀਦੀ ਪ੍ਰਾਪਤ ਕੀਤੀ। ਇਨ੍ਹਾਂ ਦਾ ਸ਼ਹੀਦ ਗੰਜ ਚਮਕੌਰ ਸਾਹਿਬ ਵਿਖੇ ਹੈ।

ਨੋਟ :—ਕਈ ਇਤਿਹਾਸਕਾਰਾਂ ਨੇ ਪਹਿਲਾ ਪੜਾਅ ਬਾਗਪਤ ਦਸਿਆ ਹੈ, ਜਿਸ ਦੇ ਸੰਬੰਧ ਵਿਚ ਬਹੁਤੇ ਵੇਰਵੇ ਪ੍ਰਾਪਤ ਨਹੀਂ ਹੋ ਸਕੇ।

‡ਬਾਅਦ ਵਿਚ ਗੁਰੂ ਗੋਬਿੰਦ ਸਿੰਘ ਜੀ ਵੀ ਪ੍ਰਚਾਰ ਕਰਦੇ ਹੋਏ ਕੁਝ ਦਿਨ ਇਥੇ ਠਹਿਰੇ ਸਨ। ਹੁਣ ਇਥੇ ਗੁਰਦਵਾਰਾ ਸਾਹਿਬ ਸਥਾਪਤ ਹੈ।


## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

ਜੀਵਨ ਚਰਿੱਤਰ ਭਾਈ ਸਾਹਿਬ ਰਣਧੀਰ ਸਿੰਘ ਜੀ (ਕਈ ਵਾਧਿਆਂ ਸਮੇਤ੧੦ ਚਿਤਰ,੨੭੨ ਪੰਨੇ, ਸੁੰਦਰ ਦੱਖ) ੭-੦੦

| | | | |
|---|---|---|---|
| ਪੂਰਬ ਜਨਮ ਕੇ ਮਿਲੇ ਸੰਜੋਗੀ | ੪-੦੦ | ਗੁਰਬਾਣੀ ਦੀ ਪਾਰਸਕਲਾ(ਭਾ:ਸਾਹਿਬ ਕ੍ਰਿਤ) | ੧-੦੦ |
| ਕੇਸਕੀ (ਦਸਤਾਰ) | ੧-੫੦ | ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ ,, | ੧-੫੦ |
| ਖ਼ਾਲਸਾ ਰਹਿਤ ਮਰਯਾਦਾ (ਟਰੇਕਟ) | ੨-੦੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| ਤਉ ਕਿਉ ਮੁਰਗੀ ਮਾਰੈ (ਰਲਵਾੜਾ ਜੀ) | ੧-੫੦ | ਗੁਰਮਤਿ ਅਨਹਦ ਸ਼ਬਦ ,, | ੦-੫੦ |
| HAIR—A Divine Gift | 0-40 | ਸ਼ਹੀਦ ਭਗਤ ਸਿੰਘ ਨਾਲ ਮੁਲਾਕਾਤ ,, | ੦-੫੦ |
| Dawn of Divine Wisdom | 0-75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੧-੦੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ | ੧-੮੦ | ਜਬ ਲਗ ਖਾਲਸਾ ਰਹੈ ਨਿਆਰਾ ,, | ੦-੭੫ |
| ਗੁਰਬਾਣੀ ਰਹਿਤਨਾਮਾ (੬੦ ਪੰਨੇ) | ੧-੦੦ | ਰਾਗਮਾਲਾ ਬਾਰੇ ਵਿਚਾਰ (ਉਘੇ ਵਿਦਵਾਨ) | ੧-੫੦ |


www.AKJ.Org

# ਖਾਲਸਾ ! ਆਪਣੀ ਜੀਵਨ-ਜੁਗਤਿ ਸੰਭਾਲ

[ਭਾਈ ਨਰੈਣ ਸਿੰਘ ਜੀ ਐਮ. ਏ., ਗੁਰੂ ਨਾਨਕ ਮਿਸ਼ਨ, ਪਟਿਆਲਾ]

ਗੁਰੂ ਨਾਨਕ ਆਗਮਨ ਸਮੇਂ ਭਾਰਤ ਅੰਦਰ ਦੋ ਵਿਚਾਰ-ਧਾਰਾਂ ਪ੍ਰਧਾਨ ਸਨ । ਬ੍ਰਾਹਮਣੀ ਪ੍ਰਭਾਵ ਸਮਾਜ ਅੰਦਰ ਵਰਨਾਸ਼੍ਰਮੀ ਮਰਯਾਦਾ ਅਤੇ ਅਹਿੰਸਾ ਅਤੇ ਮੰਦਰਾਂ ਅੰਦਰ ਮੂਰਤੀ-ਪੂਜਾ ਪਾਠ ਤੇ ਮੁਕ ਜਾਂਦਾ ਸੀ ਅਤੇ ਮੁਸਲਮਾਨਾਂ ਵਿਚ ਇਸਲਾਮੀ ਸ਼ਰਹ ਅਤੇ ਜਬਰੀ ਤਬਲੀਗ ਪਰਧਾਨ ਸਨ । ਦੋਨਾਂ ਅੰਦਰੋਂ ਸਵੈਮਾਨ ਵਾਲਾ ਸੁਤੰਤਰ ਜੀਵਨ ਜੀਊਣ ਅਤੇ ਹੋਰਨਾਂ ਨੂੰ ਜੀਊਣ ਦੇਣ ਦਾ ਖ਼ਿਆਲ ਗ਼ਾਇਬ ਸੀ । ਨਿਤਾਪ੍ਰਤ ਦਾ ਜੀਵਨ ਧਰਮ ਅਤੇ ਸਦਾਚਾਰ ਦੀਆਂ ਭਾਵਨਾਵਾਂ ਤੋਂ ਸਖਣਾ ਹੋ ਚੁਕਾ ਸੀ, ਭਾਵੇਂ ਵਾਦ ਵਿਵਾਦ ਅੰਦਰ ਧਰਮ-ਫ਼ਿਲਾਸਫ਼ੀ ਨੂੰ ਵਿਸ਼ੇਸ਼ ਥਾਉਂ ਪ੍ਰਾਪਤ ਸੀ । ਸਮੇਂ ਦੇ ਅਣਖਹੀਣ ਅਤੇ ਆਚਰਣ-ਹੀਣ ਜੀਵਨ ਦੀ ਤਸਵੀਰ ਇਨ੍ਹਾਂ ਸ਼ਬਦਾਂ ਅੰਦਰ ਸਹੀ ਤੌਰ ਤੇ ਖਿਚੀ ਹੋਈ ਹੈ :

ਅੰਧੀ ਰਯਤਿ ਗਿਆਨ ਵਿਹੂਣੀ ਭਾਹਿ ਭਰੇ ਮੁਰਦਾਰੁ ॥੨॥੧੧॥ (੪੬੯)

ਅਤੇ—ਕਾਜੀ ਹੋਏ ਰਿਸ਼ਵਤੀ ਵਢੀ ਲੈ ਕੇ ਹਕ ਗਵਾਈ ॥੩੦॥੧॥ (ਭਾਈ ਗੁਰਦਾਸ ਜੀ, ਵਾਰ ੧)

ਕਥਨ ਮਾਤਰ ਤਾਂ ਸਚਾਈ ਮੌਜੂਦ ਸੀ, ਪਰੰਤੂ ਕਰਣੀ ਕੂੜ ਦੀ ਅਮਾਵਸ ਵਤ ਸੀ, ਗੁਰੂ ਨਾਨਕ ਦੇਵ ਜੀ ਨੇ ਇਹੋ ਦਸ਼ਾ ਤਕ ਕੇ ਕਿਹਾ ਸੀ— ਹਉ ਭਾਲਿ ਵਿਕੁੰਨੀ ਹੋਈ ਆਧੇਰੈ ਰਾਹੁ ਨ ਕੋਈ ॥੧॥੧੬॥ (੧੪੫)

ਗੁਰੂ ਜੀ ਦਾ ਪ੍ਰਚਾਰ-ਜੀਵਨ, ਪੂਰਨ ਤੌਰ ਤੇ ਉਸ ਸਮੇਂ ਤੋਂ ਅਰੰਭ ਹੁੰਦਾ ਹੈ ਜਦੋਂ ਆਪ ਕਈ ਸਾਲ ਸੁਲਤਾਨਪੁਰ ਦਾ ਮੋਦੀਖ਼ਾਨਾ ਚਲਾਉਣ ਮਗਰੋਂ ਵੇਈਂ ਨਦੀ ਵਿਚੋਂ ਇਹ ਕਹਿੰਦੇ ਹੋਏ ਬਾਹਰ ਨਿਕਲੇ, 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ', 'ਨਾ ਕੋਈ ਹਿੰਦੂ ਹੈ ਨਾ ਮੁਸਲਮਾਨ।' ਅਤੇ ਤਦੋਂ ਤੋਂ ਆਪ ਨੇ ਅਜਿਹੀਆਂ ਜੀਵਨੀਆਂ ਹੋਂਦ ਵਿਚ ਲਿਆਉਣ ਦਾ ਜਤਨ ਅਰੰਭਿਆ ਜੋ ਨਾ ਹਿੰਦੂ ਦਾ ਅਤੇ ਨ ਮੁਸਲਮਾਨ ਦਾ ਪੱਖ ਪੂਰਨ, ਬਲਕਿ ਇਕ ਨਿਆਰੀ ਹੋਂਦ ਪੈਦਾ ਕਰਨ, ਜੋ ਆਪਣੇ ਸੁਚੱਜੇ ਜੀਵਨ, ਸੇਵਕ-ਭਾਵਨਾ ਅਤੇ ਨਾਮ ਰਸੀਏ ਹੋਣ ਦੇ ਨਾਤੇ ਹਿੰਦੂ ਮੁਸਲਮਾਨ ਸਭ ਉਪਰ ਛਾ ਜਾਣ । ਆਪ ਦਾ ਨਿਸ਼ਾਨਾ ਸੰਸਾਰ ਦੇ ਲੋਕਾਂ ਅੰਦਰ ਕੋਈ ਨਵੇਂ ਪ੍ਰਕਾਰ ਦਾ ਫਲਸਫ਼ਾ ਜਾਂ ਗਿਆਨ ਧਿਆਨ ਪ੍ਰਚੁਰ ਕਰਨਾ ਨਹੀਂ ਸੀ, ਬਲਕਿ ਕੁਰਾਹੇ ਪੈ ਗਏ ਲੋਕਾਂ ਨੂੰ ਨਵੀਂ ਜੀਵਨ-ਜੁਗਤਿ ਦੇਣਾ ਸੀ । ਫਿਰ ਇਹ ਨਿਰੀ ਵਿਅਕਤੀਗਤ ਜੀਵਨ-ਜੁਗਤ ਹੀ ਨਹੀਂ ਸੀ, ਬਲਕਿ ਸੰਗਤੀ ਜੀਵਨ ਦੀ ਜੁਗਤੀ ਸੀ । ਆਪ ਨੇ ਅਜਿਹੇ ਬੰਦਿਆਂ ਦੀ ਜਮਾਤ ਤਿਆਰ ਕਰਨੀ ਸੀ, ਜਿਸ ਦੇ ਲਈ ਆਪ ਨੇ ਦਸ ਜਾਮੇ ਧਾਰਨ ਕੀਤੇ ਅਤੇ ਕਰੀਬਨ ਢਾਈ ਸੌ ਸਾਲ ਦੀਆਂ ਕਰੜੀਆਂ ਘਾਲਨਾਂ ਪਿਛੋਂ ਖ਼ਾਲਸੇ ਦੇ ਨਿਰਾਲੇ ਸਰੂਪ ਨੂੰ ਸੰਪੂਰਨ ਕੀਤਾ—

ਜਬ ਲਗ ਖਾਲਸਾ ਰਹੇ ਨਿਆਰਾ ॥ ਤਬ ਲਗ ਤੇਜ ਦੀਓ ਮੈਂ ਸਾਰਾ ॥
ਜਬ ਇਹ ਗਹੇ ਬਿਪਰਨ ਕੀ ਰੀਤ ॥ ਮੈਂ ਨਾ ਕਰੋਂ ਇਨ ਕੀ ਪ੍ਰਤੀਤ ॥

ਬ੍ਰਾਹਮਣੀ ਪ੍ਰਭਾਵ ਵਿਰੁੱਧ ਸਿਖ ਨੂੰ ਕਰੜੇ ਸ਼ਬਦਾਂ ਵਿਚ ਖ਼ਬਰਦਾਰ ਕਰਨ ਦਾ ਕਾਰਨ ਬ੍ਰਾਹਮਣੀ ਅਤੇ ਸਿਖ ਵਿਚਾਰਧਾਰਾ (Ideology) ਅੰਦਰ ਮੁਢਲੇ ਮਤਭੇਦ ਦਾ ਹੋਣਾ ਸੀ । ਬ੍ਰਾਹਮਣ ਮਤ ਦੀ ਆਪਣੀ ਹੋਂਦ ਹੀ ਵਰਣ-ਵੰਡ ਅਥਵਾ ਮਨੁਖਤਾ ਅੰਦਰ ਜਨਮ ਤੋਂ ਊਚ ਨੀਚ ਹੋਣ ਦੇ ਅਸੂਲ ਤੇ ਕਾਇਮ ਹੈ, ਜਦੋਂ ਕਿ ਸਿਖ "ਮਾਨਸ ਕੀ ਜਾਤ ਸਭੈ ਏਕੈ ਪਹਿਚਾਨਬੋ* ਦਾ ਦ੍ਰਿੜ੍ਹ-ਵਿਸ਼ਵਾਸੀ ਹੈ । ਸਿੱਖੀ ਇਸੇ ਲਈ ਇਕ ਵਿਸ਼ਵ ਧਰਮ ਹੈ ਕਿ ਇਹ ਸਾਰੀ ਮਨੁਖਤਾ ਨੂੰ ਸਾਂਝੀਵਾਲਤਾ ਦੀ ਲੜੀ ਅੰਦਰ ਪਰੁਚਿਆ ਵੇਖਦਾ ਹੈ । "ਏਕੁ ਪਿਤਾ ਏਕਸ ਕੇ ਹਮ ਬਾਰਿਕ"† ਇਸ ਦਾ ਮੁਢਲਾ(Fundamental)ਅਸੂਲ ਹੈ । ਸਿਖ ਸਾਰਿਆਂ ਨੂੰ ਆਪਣੇ ਭਾਈ ਜਾਣਦਾ ਹੈ । ਉਸ ਦੀ ਦ੍ਰਿਸ਼ਟੀ ਅੰਦਰ—

ਨਾ ਕੋ ਬੈਰੀ ਨਹੀ ਬਿਗਾਨਾ ਸਗਲ ਸੰਗਿ ਹਮ ਕਉ ਬਨਿ ਆਈ ॥੧॥ (੧੨੯੯)

ਮਨੁਖ ਮਾਤਰ ਦੀ ਸੇਵਾ ਅਤੇ ਦੀਨ ਤੇ ਮਜ਼ਲੂਮ ਦੀ ਰੱਖਿਆ ਇਸ ਦੇ ਜੀਵਨ-ਕਰਮ ਹਨ, ਜਿਨ੍ਹਾਂ ਨੂੰ ਨਿਭਾਉਣ

*ਪਾ ੧੦, ਅਕਾਲ ਉਸਤਤਿ, ਅੰਕ ੮੫॥ †ਸੋਰਠਿ ਮ: ੫, ਪੰਨਾ ੬੧੧



www.AKJ.Org

ਵਿਚ ਜ਼ਿੰਦਗੀ ਦੀ ਬਲੀ ਦੇ ਦੇਣਾ ਇਸ ਦੇ ਲਈ ਸਧਾਰਨ ਜਹੀ ਗੱਲ ਹੈ । ਸਿਮਰਨ, ਸੇਵਾ ਤੇ ਕੁਰਬਾਨੀ ਅੰਦਰ ਇਸ ਦਾ ਸਾਰਾ ਜੀਵਨ-ਫ਼ਲਸਫ਼ਾ ਆ ਜਾਂਦਾ ਹੈ । ਸਾਹਿਬ ਕਲਗੀਧਰ ਪਾਤਸ਼ਾਹ ਨੇ ਐਸੇ ਜੀਵਨ-ਫ਼ਲਸਫ਼ੇ ਵਾਲੇ ਸਿਰਲਥ ਮਰਜੀਊੜਿਆਂ ਦੀ ਇਹ ਜਮਾਤ ਕਾਇਮ ਕਰਕੇ ਇਨ੍ਹਾਂ ਨੂੰ–

ਧਰਮ ਚਲਾਵਨ ਸੰਤ ਉਬਾਰਨ ॥ ਦੁਸ਼ਟ ਸਭਨ ਕੋ ਮੂਲ ਉਪਾਰਨ ॥੪੩॥ [ਬਚਿਤ੍ਰ ਨਾਟਕ, ਧਿਆ: ੬

ਦੀ ਸੌਂਪਣਾ ਕੀਤੀ ਸੀ ਅਤੇ ਇਨ੍ਹਾਂ ਨੂੰ ਅਡਰਾ ਰੂਪ ਤੇ ਰਹਿਣੀ ਇਸੇ ਲਈ ਦਿਤੀ ਸੀ ਕਿ ਇਸ ਰੂਪ ਤੇ ਰਹਿਣੀ ਵਾਲੇ ਦੀ ਪਛਾਣ ਦੁਨੀਆ ਦੇ ਤਖ਼ਤੇ ਉਤੇ ਜਿਥੇ ਭੀ ਇਹ ਹੋਵੇ, ਸਹਿਜੇ ਹੀ ਹੋ ਜਾਵੇ ਅਤੇ ਮਨੁਖ ਮਾਤਰ ਲਈ ਇਸ ਦਾ ਦੀਦਾਰ ਹੀ ਇਸ ਦੀ ਵਿਚਾਰਧਾਰਾ ਦਾ ਸੂਚਕ ਹੋਵੇ। ਇਤਿਹਾਸ ਇਸ ਗੱਲ ਦਾ ਗਵਾਹ ਹੈ ਕਿ ਦੀਨ ਦੁਖੀ ਤੇ ਮਜ਼ਲੂਮ ਅਬਲਾ ਇਸਤ੍ਰੀਆਂ ਇਸ ਰੂਪ ਵਾਲੇ ਉਤੇ ਭਰੋਸਾ ਬੰਨ੍ਹਦੀਆਂ ਅਤੇ ਸਹਾਇਤਾ ਪ੍ਰਾਪਤ ਕਰਦੀਆਂ ਰਹੀਆਂ। ਅਜੇ ਕਲ੍ਹ ਦੀ ਗੱਲ ਹੈ, ਕਲਕਤੇ ਦੇ ਹਿੰਦੂ-ਮੁਸਲਮ ਫ਼ਸਾਦਾਂ ਸਮੇਂ ਦੋਹਾਂ ਕੌਮਾਂ ਦੇ ਮਜ਼ਲੂਮ, ਸਿਖ ਦੀ ਹਾਜ਼ਰੀ ਨੂੰ ਆਪਣੇ ਰਖਵਾਲੇ ਦੇ ਰੂਪ ਵਿਚ ਵੇਖਦੇ ਰਹੇ ਅਤੇ ਸਿਖ ਹਿੰਦੂਆਂ ਨੂੰ ਮੁਸਲਮਾਨਾਂ ਤੋਂ ਅਤੇ ਮੁਸਲਮਾਨਾਂ ਨੂੰ ਹਿੰਦੂ ਤਸ਼ੱਦਦ ਤੋਂ ਛੁਟਕਾਰਾ ਦਿਵਾ ਕੇ ਮਹਿਫ਼ੂਜ਼ ਥਾਉਂ ਪਹੁੰਚਾਂਦੇ ਰਹੇ । ਪੰਜਾਬ ਵਿਚ ੧੯੪੭ ਦੇ ਕਤਲਾਮ ਸਮੇਂ ਅਨੇਕਾਂ ਸਿੱਖਾਂ ਨੇ ਆਪਣੀ ਇਸ ਸਪਿਰਟ ਦਾ ਸਬੂਤ ਦਿਤਾ । ਸੁਨਾਮ ਨਿਵਾਸੀ ਸਿਖ ਸਰਦਾਰ ਤਾਰਾ ਸਿੰਘ ਦੇ ਇਕ ਮੁਸਲਮਾਨ ਬੱਚੀ ਦੀ ਕਿਤਨਾ ਕਾਲ ਪਾਲਨਾ ਪੋਸਨਾ ਕਰਨ ਉਪਰੰਤ ਉਸ ਦੇ ਮੁਸਲਮਾਨ ਮਾਪਿਆਂ ਨੂੰ ਪਾਕਿਸਤਾਨ ਤੋਂ ਤਲਾਸ਼ ਕਰ ਕੇ ਕਈ ਸਾਲਾਂ ਦੀ ਵਿਛੜੀ ਨੂੰ ਉਨ੍ਹਾਂ ਦੇ ਹਵਾਲੇ ਕਰਨ ਦੀ ਪਰਸੰਸਾ ਅਮਰੀਕਾ ਦੇ ਅਖ਼ਬਾਰਾਂ ਨੇ ਭੀ ਕੀਤੀ ਸੀ। ਇਹ ਸੀ ਨਿਸ਼ਾਨਾ ਸ੍ਰੀ ਦਸਮੇਸ਼ ਜੀ ਦੇ ਇਸ ਨਿਆਰੀ ਕੌਮ ਨੂੰ ਸਾਜਣ ਅਤੇ ਇਸ ਨੂੰ ਸੰਸਾਰ ਨਾਲੋਂ ਅਡਰੀ ਰਹਿਣੀ ਤੇ ਰੂਪ ਦੇਣ ਦਾ।

ਮੁਗ਼ਲ ਹਕੂਮਤ ਸਿਖ ਨੂੰ ਤਲਵਾਰ ਦੇ ਜ਼ੋਰ ਮਿਟਾਉਣ ਦਾ ਜਤਨ ਕਰਦੀ ਰਹੀ, ਪਰੰਤੂ ਨ ਮਿਟਾ ਸਕੀ ਅਤੇ ਕਿਸੇ ਕਵੀ ਦੇ ਕਥਨ ਅਨੁਸਾਰ–

ਮੰਨੂੰ ਅਸਾਡੀ ਦਾਤਰੀ ਅਸੀਂ ਮੰਨੂੰ ਦੇ ਸੋਇ। ਜਿਉਂ ਜਿਉਂ ਮੰਨੂੰ ਵਢਦਾ ਅਸੀਂ ਦੂਣ ਸਵਾਏ ਹੋਇ।

ਇਹ ਕਟੀ ਹੋਈ ਵੇਲ ਵਾਂਗੂ ਵਧਦੇ ਫੂਲਦੇ ਹੀ ਰਹੇ ।

ਪਰੰਤੂ ਜੋ ਹਥਿਆਰ ਅੱਜ ਦਾ ਸਮਾਜ ਸਿਖ ਦੇ ਖ਼ਿਲਾਫ਼ ਵਰਤ ਰਿਹਾ ਹੈ, ਉਹ ਵਰਤਮਾਨ ਕਾਲ ਦੇ ਜੰਗੀ ਸਾਧਨਾਂ (Warfare) ਦਾ ਉਹ ਹਥਿਆਰ ਹੈ ਜਿਸ ਤੋਂ ਬਚ ਸਕਣਾ ਕਿਸੇ ਵਿਸ਼ੇਸ਼ ਜਤਨ ਤੋਂ ਬਿਨਾਂ ਸੰਭਵ ਨਹੀਂ। ਉਹ ਹਥਿਆਰ ਪ੍ਰਾਪੇਗੰਡੇ ਦਾ ਹੈ, ਜੋ ਬੜੇ ਮਿਠੇ ਤੇ ਮਨ-ਭਾਉਣੇ ਤਰੀਕੇ ਨਾਲ ਸਿੱਖਾਂ ਨੂੰ ਜੜ੍ਹਾਂ ਤੋਂ ਉਖੇੜ ਰਿਹਾ ਹੈ। ਜੇਕਰ ਇਹ ਸਿਖ ਦਾ ਨੰਗਾ ਵਿਰੋਧ ਕਰਦੇ, ਤਦ ਤਾਂ ਸਿਖ ਆਪਣੇ ਅਸੂਲਾਂ ਦੀ ਉਚਤਾ ਅਤੇ ਪੁਰਾਤਨ ਸਿੱਖੀ ਰਵਾਇਤਾਂ ਦੇ ਸਿਰ ਤੇ ਉਸ ਨਾਲ ਬੜੀ ਸਫਲ ਟੱਕਰ ਲੈ ਸਕਦਾ ਸੀ, ਪਰੰਤੂ ਇਹਨਾਂ ਦੇ ਪ੍ਰਾਪੇਗੰਡੇ ਦੇ ਅਰੰਭਕ ਸ਼ਬਦ ਹੀ ਇਹ ਹਨ ਕਿ 'ਹਿੰਦੂ ਸਿਖ ਇਕੋ ਰੁਖ ਦੀਆਂ ਦੋ ਟਹਿਣੀਆਂ ਹਨ, ਇਹ ਤਾਂ ਇਕ ਪਿਉ ਦੇ ਦੋ ਪੁੱਤਰ ਹਨ, ਇਕ ਸਿਖ ਹੈ ਤਾਂ ਦੂਜਾ ਹਿੰਦੂ। ਗੁਰੂ ਸਾਹਿਬ ਨੇ ਜੰਞੂ-ਤਿਲਕ ਦੀ ਰਖਿਆ ਖ਼ਾਤਰ ਆਪਣਾ ਬਲੀਦਾਨ ਦਿੱਤਾ, ਗੁਰੂ ਗੋਬਿੰਦ ਸਿੰਘ ਜੀ ਨੇ ਨੈਣਾ ਦੇਵੀ ਤੇ ਬੜਾ ਭਾਰਾ ਹਵਨ ਕਰ ਕੇ ਦੇਵੀ ਨੂੰ ਖੁਸ਼ ਕੀਤਾ, ਆਦਿ ਆਦਿ। ਹਿੰਦੂ ਪ੍ਰੈਸ ਵਿਗਿਆਨਕ ਢੰਗ ਨਾਲ ਅਜਿਹੇ ਸੁਝਾਉ ਦੇਂਦਾ ਹੈ ਕਿ ਸਿਖ ਆਪਣੇ ਆਪ ਵਿਚ ਹੀ ਹੌਲਾ ਪ੍ਰਤੀਤ ਕਰੇ ਅਤੇ ਇਸ ਤਰ੍ਹਾਂ ਸਿਖ ਮੋਰੇਲ ਨੂੰ ਨੀਵਾਂ ਕਰ ਕੇ ਸਾਧਾਰਨ ਸਿਖ ਨੂੰ ਸਿੱਖੀ ਜੀਵਨ ਅਤੇ ਸਿੱਖੀ ਰਹਿਣੀ ਵਲੋਂ ਮੁਤਨੱਫ਼ਰ ਕੀਤਾ ਜਾਂਦਾ ਹੈ। ਅਜਿਹੇ ਪ੍ਰਭਾਵ ਦਾ ਹੀ ਅਸਰ ਹੈ ਕਿ ਸਿਖ ਨੌਜਵਾਨ ਦਾੜ੍ਹੀ ਰਖਣ ਨੂੰ ਓਪਰਾ ਪ੍ਰਤੀਤ ਕਰਦਾ ਅਤੇ ਸਾਂਝਾ 'ਸਿੰਘ' ਨਾਮ, ਜੋ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਨੂੰ ਦਿਤਾ ਸੀ, ਛਡਣ ਦੇ ਰੁਖ਼ ਤੁਰ ਰਿਹਾ ਹੈ । ਅਜ ਸਿਖ ਨੌਜਵਾਨ ਆਪਣੇ ਨਾਮ ਨਾਲ 'ਸਿੰਘ' ਪਦ ਲਾਉਣ ਤੋਂ ਸ਼ਰਮ ਖਾਂਦਾ ਹੈ।

ਜੇਕਰ ਇਹ ਗਿਰਾਵਟ ਵਾਲੀ ਦਸ਼ਾ ਨਿਰਾ ਪਿਛੇ ਰਹੇ ਲੋਕਾਂ ਦੀ ਹੁੰਦੀ ਤਾਂ ਸ਼ਾਇਦ ਇਹ ਇਤਨੀ ਦੁਖਦਾਈ ਨਾ ਹੁੰਦੀ, ਪਰੰਤੂ ਨਿਤ ਨਵੇਂ ਸੂਰਜ ਕੇਸ ਕਤਲ ਕਰਾਉਣ ਅਤੇ ਦਾੜ੍ਹੀ ਕਟਵਾਉਣ ਦੀਆਂ ਘਟਨਾਵਾਂ ਆਦੀ ਸਿਖ



www.AKJ.Org

ਘਰਾਣਿਆਂ ਅਤੇ ਗੁਰੂ ਘਰ ਦੀ ਸੂਝ ਬੂਝ ਰਖਣ ਵਾਲੇ ਪੜ੍ਹੇ ਲਿਖੇ ਖ਼ਾਨਦਾਨਾਂ, ਜਿਨ੍ਹਾਂ ਦੇ ਬਜ਼ੁਰਗ ਅਜ ਵੀ ਸਿਖ ਨੇਤਾਵਾਂ ਦੀ ਸ਼ਰੇਣੀ ਵਿੱਚ ਕਦਮ ਰਖਦੇ ਹਨ, ਅੰਦਰ ਵਰਤ ਰਹੀਆਂ ਹਨ । ਕੀ ਇਹ ਸਿਖ ਨੇਤਾਵਾਂ ਅਤੇ ਗੁਰਦੁਆਰਿਆਂ ਦੇ ਦਾਅਵੇਦਾਰਾਂ ਨੂੰ ਇਕ ਵਡਾ ਚੈਲੰਜ ਨਹੀਂ ?

ਇਹ ਹੈ ਅਸਰ ਉਸ ਭਿਆਨਕ ਸਿਖ-ਵਿਰੋਧੀ ਪ੍ਰਚਾਰ ਅਤੇ ਐਂਟੀ-ਸਿਖ ਪ੍ਰਾਪੇਗੰਡੇ ਦਾ, ਜਿਸ ਦੇ ਮੁਕਾਬਲੇ ਦਾ ਹਥਿਆਰ ਅਵਲ ਤਾਂ ਸਿਖ ਪਾਸ ਹੈ ਹੀ ਨਹੀਂ, ਅਤੇ ਜੇ ਥੋੜਾ ਬਹੁਤ ਹੈ ਤਾਂ ਉਹ ਸਮੁਚੀ ਕੌਮ ਦੀ ਬਜਾਏ ਕੌਮ ਦੇ ਅਡੋ ਅਡ ਧੜਿਆਂ ਤੇ ਪਾਰਟੀਆਂ ਦੇ ਹੱਥ ਹੈ, ਜਿਸ ਦਾ ਸਾਰਾ ਤ੍ਰਾਣ ਪਾਰਟੀ-ਪ੍ਰਾਪੇਗੰਡੇ ਲਈ ਲਗ ਜਾਂਦਾ ਹੈ ਅਤੇ ਸਾਂਝੇ ਕੌਮੀ ਮੁਫ਼ਾਦ ਅਣਛੋਹੇ ਹੀ ਧਰੇ ਰਹਿ ਜਾਂਦੇ ਹਨ ।

ਆਰਥਕ ਤੇ ਰਾਜਨੀਤਕ ਪਹਿਲੂ ਤੋਂ ਸਿਖ ਦੀ ਮੌਜੂਦਾ ਦਸ਼ਾ ਸਮਝਣ ਲਈ ਇਹ ਜਾਣਨਾ ਜ਼ਰੂਰੀ ਹੈ ਕਿ ਸਿਖ ਸਭ ਤੋਂ ਪਹਿਲੋਂ ਇਕ ਫ਼ੌਜੀ ਜੀਵਨ ਸੀ ਜਾਂ ਹਲ-ਵਾਹਕ ਕਾਸ਼ਤਕਾਰ ਸੀ । ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੋਂ ਲੈ ਕੇ ਸਿਖ ਰਾਜ ਦੇ ਅੰਤ ਤਕ ਇਸ ਦਾ ਵਿਸ਼ੇਸ਼ ਕਿੱਤਾ ਫੌਜ ਅੰਦਰ ਸੀ । ਭਾਵੇਂ ਇਹ ਸੇਵਾ-ਭਾਵ ਅਥਵਾ ਮਜ਼ਲੂਮ ਦੀ ਰੱਖਿਆ ਅਤੇ ਦੇਸ਼ ਦੀ ਆਜ਼ਾਦੀ ਲਈ ਬਿਨਾਂ-ਦਾਮੋਂ ਖਾਲਸਾ ਫ਼ੌਜ ਦਾ ਸਿਪਾਹੀ ਬਣਿਆ ਤੇ ਭਾਵੇਂ ਨੌਕਰੀ ਦੀ ਭਾਵਨਾ ਲੈ ਕੇ ਸਿਖ ਸਰਦਾਰਾਂ ਅਤੇ ਰਾਜੇ ਮਹਾਰਾਜਿਆਂ ਪਾਸ ਭਰਤੀ ਹੋਇਆ, ਇਹ ਵਿਸ਼ੇਸ਼ ਕਰਕੇ ਫ਼ੌਜੀ ਸਿਪਾਹੀ ਸੀ । ਪੰਜਾਬ ਲੈਣ ਮਗਰੋਂ ਅੰਗਰੇਜ਼ ਦੇ ਅੰਦਰ ਇਸ ਦੀ ਫ਼ੌਜੀ ਸਮਰੱਥਾ ਦਾ ਇਹਸਾਸ ਜਾਗਿਆ ਅਤੇ ਇਸ ਨੂੰ ਮੁੜ ਫ਼ੌਜ ਵਿਚ ਥਾਂ ਮਿਲਣੀ ਅਰੰਭ ਹੋ ਗਈ ਅਤੇ ਜੋ ਫ਼ੌਜਾਂ ਅੰਦਰ ਨਾ ਸਮਾਏ ਜਾ ਸਕੇ, ਉਹਨਾਂ ਨੂੰ ਖੇਤੀ ਬਾੜੀ ਵਲ ਲਾਈ ਰਖਣ ਲਈ ਅੰਗਰੇਜ਼ ਨੇ ਇਸ ਦੇ ਲਈ ਸਾਂਦਲ, ਨੀਲੀ ਤੇ ਗੰਜੀ ਬਾਰਾਂ ਦੇ ਦਰ ਖੋਲ੍ਹ ਦਿਤੇ, ਜਿਨ੍ਹਾਂ ਅੰਦਰ ਇਹ ਨਿਰਾ ਰੁਝ ਹੀ ਨਾ ਗਿਆ, ਬਲਕਿ ਇਸ ਨੇ ਆਪਣੀ ਆਰਥਿਕ ਦਸ਼ਾ ਭੀ ਉੱਨਤ ਕਰ ਲਈ ਅਤੇ ਘਰੋਗੀ ਸੁਖਿਆਰਾ ਜੀਵਨ ਬਿਤਾਉਣ ਦਾ ਸਵਾਦ ਭੀ ਇਸ ਨੂੰ ਪੈ ਗਿਆ । ਸਿੱਖਾਂ ਦੀ ਵਧਦੀ ਵਸੋਂ ਨੂੰ ਰੁਝਾਈ ਰਖਣ ਲਈ ਤੀਜਾ ਕਿੱਤਾ, ਜਿਸ ਵਲ ਇਸ ਦਾ ਰੁੱਖ਼ ਹੋਇਆ, ਉਹ ਟਰਾਂਸਪੋਰਟ ਦਾ ਕੰਮ ਸੀ, ਜਿਸ ਵਿਚ ਭੀ ਇਸ ਨੇ ਚੰਗੀ ਥਾਂ ਪ੍ਰਾਪਤ ਕਰ ਲਈ ।

ਆਜ਼ਾਦੀ ਮਿਲਣ ਮਗਰੋਂ ਉਹ ਬਾਰਾਂ, ਜਿਨ੍ਹਾਂ ਨੇ ਇਸ ਦੀ ਆਰਥਕ ਦਸ਼ਾ ਨੂੰ ਉਚਿਆਂ ਕੀਤਾ ਸੀ, ਇਸ ਪਾਸੋਂ ਖੁਸ ਗਈਆਂ ਅਤੇ ਜੋ ਥੋੜੀਆਂ ਬਹੁਤ ਜ਼ਮੀਨਾਂ ਉਹ ਇਧਰ ਆ ਕੇ ਪ੍ਰਾਪਤ ਕਰ ਸਕਿਆ ਜਾਂ ਹੋਰ ਪ੍ਰਾਪਤ ਕਰਨ ਦੀ ਆਸ ਰਖਦਾ ਸੀ, ਉਹ ਆਮ ਜ਼ਮੀਨਾਂ ਦੀ ਮਾਲਕੀ ਉਪਰ ਸਾਢੇ ਸਤ ਹੈਕਟਰ ਦੀ ਪਾਬੰਦੀ ਵਾਲੇ ਕਾਨੂੰਨ ਨੇ ਖ਼ਤਮ ਕਰ ਦਿੱਤੀ ਅਤੇ ਇਸਦੀ ਦਸ਼ਾ ਹੇਠਲੇ ਦਰਜੇ ਦੀ ਮਿਡਲ ਕਲਾਸ ਤੋਂ ਭੀ ਨੀਵੀਂ ਹੋਣੀ ਸ਼ੁਰੂ ਹੋ ਗਈ । ਘਟ-ਗਿਣਤੀ ਕੌਮਾਂ ਵਾਲੀਆਂ ਸਾਰੀਆਂ ਰਿਆਇਤਾਂ, ਜੋ ਇਸ ਨੂੰ ਵਖਰੀ ਕੌਮ ਹੋਣ ਦੇ ਨਾਤੇ ਅੰਗਰੇਜ਼ ਦੇ ਸਮੇਂ ਪ੍ਰਾਪਤ ਸਨ, ਇਸ ਪਾਸੋਂ ਜਾਂਦੀਆਂ ਰਹੀਆਂ ।

ਸਿਖ ਦੀ ਮੌਜੂਦਾ ਹੀਣਤਾ ਵਾਲੀ ਦਸ਼ਾ ਦਾ, ਉਤੇ ਲਿਖੇ ਜਾ ਚੁਕੇ ਕਾਰਨਾਂ ਤੋਂ ਇਲਾਵਾ, ਇਕ ਵਿਸ਼ੇਸ਼ ਤੇ ਵਡਾ ਕਾਰਨ ਸਿਖ ਨੇਤਾਵਾਂ, ਗੁਰਦੁਆਰਾ ਪ੍ਰਬੰਧਕਾਂ ਅਤੇ ਧਰਮ ਪ੍ਰਚਾਰਕਾਂ ਅੰਦਰ ਸੁਆਰਥ-ਸਿਧੀ ਦੇ ਜਜ਼ਬੇ ਦਾ ਜ਼ੋਰ ਅਤੇ ਤਿਆਗ ਬਿਰਤੀ ਦਾ ਘਟ ਹੋ ਜਾਣਾ ਹੈ । ਇਹੋ ਕਾਰਨ ਹੈ, ਜਿਸ ਲਈ ਅਸੀਂ ਇਕ ਦੂਸਰੇ ਨੂੰ ਨੀਵਾਂ ਵਿਖਾਉਣ ਦੀ ਹੀ ਸਦਾ ਸੋਚਦੇ ਹਾਂ, ਜਿਸ ਨਾਲ ਧੜੇਬਾਜ਼ੀ ਦੇ ਪੈਰ ਮਜ਼ਬੂਤ ਹੁੰਦੇ ਜਾ ਰਹੇ ਹਨ । ਅਤੇ ਫਿਰ ਅਸੀਂ ਕੌਮ ਦੀ ਸਮੁਚੀ ਭਲਾਈ ਨਾਲੋਂ ਆਪਣੇ ਆਪਣੇ ਧੜੇ ਦੇ ਵਾਧੇ ਵਲ ਲਗ ਜਾਂਦੇ ਹਾਂ, ਜਿਸ ਗੱਲ ਨੇ ਕੌਮ ਦਾ ਸਿਰ ਇਤਨਾ ਨੀਵਾਂ ਕਰ ਰਖਿਆ ਹੈ । ਇਸ ਦਾ ਮੁਢਲਾ ਕਾਰਨ ਇਹੋ ਤਿਆਗ-ਬਿਰਤੀ ਦੀ ਅਣਹੋਂਦ ਹੀ ਹੈ, ਜਿਸ ਦਾ ਵਾਹਿਦ ਇਲਾਜ ਸਿੱਖੀ ਆਚਰਨ ਦਾ ਮੁੜ ਵਿਕਾਸ ਹੈ । ਸਾਡੇ ਅੰਦਰ ਉਹ ਪਵਿਤਰਤਾ, ਜੋ ਨਾਮ ਸਿਮਰਨ ਅਤੇ ਸੇਵਾ ਨਾਲ ਹੀ ਪੈਦਾ ਹੋ ਸਕਦੀ ਹੈ, ਨਹੀਂ ਰਹੀ । ਸਾਡੇ ਜੀਵਨ ਗੁਰਬਾਣੀ ਦੀ ਸੂਝ ਹੁੰਦਿਆਂ ਹੋਇਆਂ ਅਮਲ-ਹੀਣ ਅਤੇ ਨਾਮ ਸਿਮਰਨ ਤੋਂ ਕੋਰੇ ਹੋ ਚੁਕੇ ਹਨ । ਸੇਵਾ ਭਾਵਨਾ ਉੱਕਾ ਹੀ ਜਾਂਦੀ ਰਹੀ ਹੈ । ਵਿਰੋਧੀ ਪ੍ਰਭਾਵ ਨਾਲ ਟਕਰ ਲੈਣ ਲਈ ਭੀ ਆਪਣੇ ਅੰਦਰ 'ਆਤਮ-ਬਲ' ਪੈਦਾ ਕਰਨ ਦੀ



www.AKJ.Org

ਲੋੜ ਹੋਇਆ ਕਰਦੀ ਹੈ, ਜੋ ਕੇਵਲ ਸਿਮਰਨ ਤੇ ਸੇਵਾ ਨਾਲ ਗੁਰਬਾਣੀ ਦੀ ਰਹਿਨੁਮਾਈ ਵਿਚ ਹੋ ਸਕਦਾ ਹੈ।

ਦਸਮੇਸ਼ ਪਿਤਾ ਜੀ ਨੇ ਇਸ ਨੂੰ 'ਸਿਮਰਨ', 'ਸੇਵਾ' ਅਤੇ 'ਸ਼ਹੀਦੀ' ਦੀ ਕੁਠਾਲੀ ਅੰਦਰ ਢਾਲ ਕੇ ਖ਼ਾਲਸ ਕੁੰਦਨ ਕੀਤਾ ਸੀ ਅਤੇ ਸੰਸਾਰ ਦੀਆਂ ਮੈਲਾਂ ਕੁਚੈਲਾਂ ਦੇ ਪ੍ਰਭਾਵਾਂ ਤੋਂ ਬੱਚ ਕੇ ਨਿਆਰਾ ਰਹਿਣ ਦੀ ਸੂਚਨਾ ਦਿਤੀ ਸੀ। ਹਜ਼ੂਰ ਨੇ ਖਾਲਸੇ ਨੂੰ ਨਿਆਰਾ ਬਣਾਇਆ ਸੀ, ਨਿਰਾ ਰੂਪ ਵਿਚ ਨਹੀਂ, ਬਲਕਿ ਇਸ ਦਾ ਨਿਆਰਾਪਣ ਇਸ ਦੇ ਨਿਤਾਪ੍ਰਤ ਦੇ ਜੀਵਨ ਵਿਚ ਸੀ, ਇਸ ਦੇ ਆਚਰਨ ਵਿਚ ਸੀ, ਇਸ ਦੀ ਕਥਨੀ, ਕਰਨੀ ਤੇ ਰਹਿਣੀ ਵਿਚ ਸੀ। ਇਹ ਰਾਜ-ਜੋਗੀ ਸੀ, ਇਹ ਨਿਰਲੇਪ ਗ੍ਰਿਹਸਤੀ ਸੀ, ਇਹ ਸ਼ਸਤਰ-ਧਾਰੀ ਭਗਤ ਸੀ, ਇਹ ਨਾਮ-ਰਸੀਆ ਸੂਰਮਾ ਸੀ, ਮੌਤ ਇਸ ਦਾ ਜੀਵਨ, ਤੇ ਦੁਖ ਇਸ ਦਾ ਦਾਰੂ ਸੀ। ਇਹ ਦੀਨ ਦੁਖੀ ਤੇ ਅਬਲਾ ਦਾ ਸਹਾਰਾ ਸੀ। ਇਸ ਦਾ ਧਨ ਧਾਮ ਤੇ ਆਪਣਾ-ਆਪ ਗੁਰੂ ਦਾ ਸੀ, ਇਹ ਧਰਮ ਦੀ ਕਿਰਤ ਕਰਦਾ ਤੇ ਵੰਡ ਛਕਦਾ ਸੀ। ਇਹ ਸਰਬੱਤ ਦੇ ਭਲੇ ਵਿਚ ਆਪਣਾ ਭਲਾ ਲਭਦਾ ਸੀ। ਇਸ ਦਾ ਜੀਊਣਾ ਮਰਨਾ ਮਨੁਖਤਾ ਲਈ ਸੀ। ਇਸ ਨੂੰ ਆਉਂਦਾ ਤਕ ਮਜ਼ਲੂਮ ਨੂੰ ਜਾਨ ਪੈਂਦੀ ਅਤੇ ਜ਼ਾਲਮ ਭੈ ਖਾਂਦਾ ਸੀ। ਮੁਸੀਬਤ ਵਿਚ ਘਿਰੀ ਅਬਲਾ ਇਸਤ੍ਰੀ ਲਈ ਇਸ ਦਾ ਆਉਣਾ ਸਕੇ ਵੀਰ ਦੇ ਬਹੁੜਨ ਤੁੱਲ ਸੀ। ਪਰ-ਇਸਤ੍ਰੀ ਨੂੰ ਇਹ ਧੀ ਭੈਣ ਸਮਝਦਾ ਅਤੇ ਪਰਾਏ ਮਾਲ ਅਤੇ ਪੂਜਾ ਦੇ ਧਾਨ ਨੂੰ 'ਵਿਹੁ ਖੰਡੂ ਪਾਜ' ਜਾਣਦਾ ਸੀ।

ਇਹ ਸੀ ਇਸ ਦਾ ਨਿਆਰਾਪਣ! ਇਸ ਦੀ ਪਛਾਣ ਇਸ ਦੀ ਸਾਬਤ ਸੂਰਤ ਅਤੇ ਸਿਰ ਪਰ ਦਸਤਾਰ ਤੋਂ ਕੀਤੀ ਜਾਂਦੀ ਸੀ। ਇਹ ਨਿਆਰਾਪਣ ਸਾਡੇ ਵਿਚੋਂ ਜਾ ਰਿਹਾ ਹੈ ਅਤੇ ਅਸੀਂ ਚੁਰਾਸੀ ਦੇ ਧੂੰਆਂ-ਧਾਰ ਅੰਦਰ ਅਲੋਪ ਹੁੰਦੇ ਜਾ ਰਹੇ ਹਾਂ।

ਸਾਡੇ ਕਈ ਸਿਖ ਨੇਤਾ ਆਪਣੇ ਭਾਸ਼ਨਾਂ ਅੰਦਰ 'ਰਾਜ ਬਿਨਾ ਨਹੀਂ ਧਰਮ ਚਲੈ ਹੈ' ਦਾ ਸਹਾਰਾ ਲੈ ਕੇ ਸਿਖ-ਸੋਚਣੀ ਨੂੰ ਰਾਜਨੀਤੀ ਦਾ ਦੁਬੈਲ ਬਣ ਤੁਰਨ ਦੀ ਪ੍ਰੇਰਨਾ ਦੇਂਦੇ ਹਨ, ਅਤੇ ਇਸ ਵਿਚ ਸ਼ੱਕ ਭੀ ਕੋਈ ਨਹੀਂ ਕਿ ਸਾਡਾ ਜ਼ੋਰ ਵਧੇਰੇ ਕਰਕੇ ਸਿਆਸੀ ਸਥਿਤੀ ਨੂੰ ਉੱਚਾ ਉਠਾਉਣ ਤੇ ਹੀ ਲਗ ਰਿਹਾ ਹੈ। ਸੱਤਾ-ਧਾਰੀ ਹੋਣਾ ਮਾੜੀ ਗੱਲ ਨਹੀਂ, ਬਸ਼ਰਤੇ ਕਿ ਅਸੀਂ ਇਸੇ ਨੂੰ ਹੀ ਆਪਣਾ ਨਿਸ਼ਾਨਾ ਜਾਂ ਗੋਲ ਨ ਬਣਾ ਲਈਏ। ਸੱਤਾ ਕਿਸੇ ਉਚੇਰੇ ਆਦਰਸ਼ ਦੀ ਪੂਰਤੀ ਲਈ ਹੋਵੇ, ਤੱਦ ਤਾਂ ਇਸ ਦਾ ਹੋਣਾ ਠੀਕ ਹੈ। ਆਪਣੇ ਆਪ ਵਿਚ ਇਹ ਇਕ ਸਾਧਨ ਹੈ, ਉਦੇਸ਼ ਨਹੀਂ। ਸਿੱਖੀ ਦਾ ਉਦੇਸ਼ ਸਤਿਗੁਰਾਂ ਨੇ 'ਧਰਮ ਚਲਾਵਨ ਸੰਤ ਉਬਾਰਨ, ਦੁਸ਼ਟ ਸਭਨ ਕੋ ਮੂਲ ਉਪਾਰਨ' ਵਿਚ ਅੰਕਤ ਕੀਤਾ ਹੈ. ਪ੍ਰੰਤੂ ਜੇ ਨਿਸ਼ਾਨਾ ਨਿਰਾ ਰਾਜ ਸੰਭਾਲਣਾ ਹੀ ਹੋਵੇ ਤਾਂ 'ਐਸੋ ਰਾਜ ਨ ਕਿਤੈ ਕਾਜਿ ਜਿਤੁ ਨਹ ਤ੍ਰਿਪਤਾਏ ॥'* ਨਿਰੀ ਨਿਜੀ ਪ੍ਰਭਤਾ ਸਿਖ ਦਾ ਮੰਤਵ ਨਹੀਂ।

ਅਸਾਂ ਰਾਜ-ਸੱਤਾ ਨੂੰ ਧਰਮ, ਨੇਕੀ ਤੇ ਸਦਾਚਾਰ ਦੇ ਵਾਧੇ ਲਈ ਵਰਤਣਾ ਹੈ। ਜਿਸ ਕਿਸੇ ਥਾਉਂ ਭੀ ਸਾਨੂੰ ਇਹ ਪ੍ਰਾਪਤ ਹੈ, ਘਟੋ ਘਟ ਉਸ ਥਾਉਂ ਨੂੰ ਅਸੀਂ ਇਹ ਕਹਿਣ ਯੋਗ ਬਣਾ ਦੇਈਏ:

ਹੁਣਿ ਹੁਕਮੁ ਹੋਆ ਮਿਹਰਵਾਣ ਦਾ, ਪੈ ਕੋਇ ਨ ਕਿਸੈ ਰਞਾਣਦਾ ॥
ਸਭ ਸੁਖਾਲੀ ਵੁਠੀਆ, ਇਹੁ ਹੋਆ ਹਲੇਮੀ ਰਾਜੁ ਜੀਉ ॥੧੩॥ ਸਿਰੀ ਰਾਗੁ ਮ: ੫, ਪੰਨਾ ੭੪

ਜੋ ਲੋਕ 'ਰਾਜ ਬਿਨਾ ਨਹੀਂ ਧਰਮ ਚਲੈ ਹੈ' ਦੀ ਆਵਾਜ਼ ਉਠਾਉਂਦੇ ਹਨ, ਉਨ੍ਹਾਂ ਨੂੰ ਇਮਾਨਦਾਰੀ ਨਾਲ ਆਪਣੇ ਅੰਦਰ ਝਾਤੀ ਮਾਰ ਕੇ, ਜਿਸ ਦੀ ਉਹ ਜਾਚਨਾ ਕਰਦੇ ਹਨ, ਉਸ ਦੇ ਚਿਹਨ-ਚੱਕ੍ਰ ਤਾਂ ਉਲੀਕਣੇ ਚਾਹੀਦੇ ਹਨ ਕਿ ਉਨ੍ਹਾਂ ਦਾ ਉਹ ਰਾਜ ਕੈਸਾ ਹੋਵੇਗਾ। ਉਹ ਧਰਮ ਦੇ ਵਾਧੇ ਲਈ ਉਸ ਰਾਜ ਵਿਚ ਕੀ ਕਰਨਗੇ; ਉਥੇ ਧਰਮ ਕਿਵੇਂ ਪ੍ਰਫੁੱਲਤ ਹੋਵੇਗਾ; ਭ੍ਰਿਸ਼ਟਾਚਾਰੀ, ਬਦ-ਦਿਆਨਤੀ, ਗਰੀਬ-ਮਾਰੀ ਕਿਵੇਂ ਖ਼ਤਮ ਕੀਤੀ ਜਾਵੇਗੀ? ਹਰ ਗੱਲ ਕਰਨ ਤੋਂ ਪਹਿਲੋਂ ਉਸ ਦਾ ਪਲੈਨ ਉਲੀਕਿਆ ਜਾਂਦਾ ਹੈ, ਉਸ ਦੇ ਕਈ ਮੂਲ ਸੂਤਰ ਘੜੇ ਜਾਂਦੇ ਹਨ, ਉਸ ਦਾ ਚਿੱਤਰ ਉਲੀਕਿਆ ਜਾਂਦਾ ਹੈ। ਕੀ ਸਾਡੇ ਰਾਜ-ਅਭਿਲਾਸ਼ੀਆਂ ਤੇ 'ਰਾਜ ਕਰੇਗਾ ਖਾਲਸਾ' ਕਹਿਣ ਵਾਲਿਆਂ ਨੇ ਕਦੀ ਸੋਚਿਆ ਹੈ ਕਿ ਉਹ 'ਖਾਲਸਾ ਰਾਜ' ਕੀ ਤੇ ਕੈਸਾ ਹੋਵੇਗਾ?

*ਸੂਹੀ ਮ: ੫, ਪੰਨਾ ੭੪੫



www.AKJ.Org

ਘਟੋ ਘਟ ਪੰਜਾਬ ਅੰਦਰ ਸਿੱਖੀ ਦੇ ਦਾਅਵੇਦਾਰ ਲੋਕਾਂ ਨੂੰ ਅਜਿਹੇ ਅਵਸਰ ਪ੍ਰਾਪਤ ਹੋਏ ਹਨ ਅਤੇ ਹੁਣ ਭੀ ਇਹ ਪ੍ਰਾਪਤ ਹੈ, ਪ੍ਰੰਤੂ ਉਨ੍ਹਾਂ ਦੇ ਸਾਹਮਣੇ ਕਿਸੇ ਮੁਸਤਕਿਲ ਦੇਰਪਾ ਪ੍ਰੋਗਰਾਮ ਦੀ ਉਲੀਕਣਾ ਨ ਹੋਈ ਹੋਣ ਕਰਕੇ ਉਹ ਆਪਣੀ ਸੱਤਾਧਾਰੀ ਸਥਿਤੀ ਦਾ ਕੋਈ ਵਿਸ਼ੇਸ਼ ਲਾਭ ਕੌਮ ਜਾਂ ਦੇਸ਼ ਨੂੰ ਨਹੀਂ ਦੇ ਸਕਦੇ, ਕੇਵਲ ਵਕਤੀ ਗੱਲਾਂ ਨਜਿਠਣ (ਉਹ ਭੀ ਕੋਈ ਕੋਈ ਹੀ) ਤੇ ਹੀ ਸਮਾਂ ਗਵਾ ਲਿਆ ਜਾਂਦਾ ਹੈ।

ਅੱਜ ਸਿੱਖਾਂ ਦੀ ਸ਼੍ਰੋਮਣੀ ਜਮਾਤ ਪੰਜਾਬ ਅੰਦਰ ਸੱਤਾਧਾਰੀ ਹੈ, ਕੀ ਪੰਜਾਬ ਦੀ ਜਨਤਾ ਸਮੁਚੇ ਤੌਰ ਤੇ, ਅਤੇ ਸਿਖ ਵਿਸ਼ੇਸ਼ ਤੌਰ ਤੇ ਕੋਈ ਆਸ ਕਰ ਸਕਦੇ ਹਨ ਕਿ ਉਨ੍ਹਾਂ ਦੇ ਸਮੇਂ ਅੰਦਰ ਧਰਮ ਤੇ ਸਦਾਚਾਰ ਦੀਆਂ ਭਾਵਨਾਵਾਂ ਨੂੰ ਜਗਾਇਆ ਤੇ ਉਭਾਰਿਆ ਜਾਵੇਗਾ ? ਬਤੌਰ ਸਿਖ ਸਾਡੀ ਇੱਛਾ ਹੋਵੇਗੀ ਕਿ ਅਸੀਂ ਵੇਖੀਏ ਕਿ ਇਸ ਸਮੇਂ ਅੰਦਰ ਸਿੱਖੀ ਕਿਥੋਂ ਤਾਈਂ ਪਰਫੁੱਲਤ ਹੋਈ ਹੈ ? ਕੀ ਸਾਡੇ ਬੱਚੇ, ਸਾਡੇ ਵਿਦਿਆਰਥੀ ਤੇ ਸਾਡੇ ਨੌਜਵਾਨ ਫ਼ੈਸ਼ਨ-ਪ੍ਰਸਤੀ ਤੇ ਆਚਰਨ-ਹੀਨਤਾ ਅੰਦਰ ਪਹਿਲੇ ਵਾਂਙ ਹੀ ਗ੍ਰਸਤ ਹਨ ਜਾਂ ਇਨ੍ਹਾਂ ਦਾ ਕੋਈ ਕਰਮ ਧਰਮ ਨੇਕੀ ਸੇਵਾ ਵਲ ਭੀ ਵਧਿਆ ਹੈ ?

ਜਿਥੋਂ ਤਕ ਮੌਜੂਦਾ ਸਿਖ ਦਸ਼ਾ (ਖ਼ਾਸ ਕਰ ਪਿੰਡਾਂ ਅਤੇ ਸਕੂਲਾਂ ਕਾਲਜਾਂ ਅੰਦਰ) ਦਾ ਸਵਾਲ ਹੈ, ਸਾਡੀਆਂ ਧਾਰਮਕ ਜਮਾਤਾਂ, ਗੁਰਦੁਆਰਾ ਕਮੇਟੀਆਂ, ਸਿੰਘ ਸਭਾਵਾਂ ਤੇ ਸਟੂਡੈਂਟਸ ਫ਼ੈਡਰੇਸ਼ਨ ਨੂੰ ਇਸ ਬੰਨੇ ਵਿਸ਼ੇਸ਼ ਧਿਆਨ ਦੇਣਾ ਚਾਹੀਦਾ ਹੈ।

੧੯੨੦-੨੫ ਦੀ ਅਕਾਲੀ ਲਹਿਰ ਤੋਂ ਪਿਛੋਂ ਅਸੀਂ ਤਕਰੀਬਨ ਸੌਂ ਹੀ ਗਏ ਹਾਂ। ਖ਼ਾਸ ਕਰ ਦੇਸ਼ ਆਜ਼ਾਦ ਹੋਣ ਪਿਛੋਂ ਤਾਂ ਸਾਡੇ ਨੌਜਵਾਨਾਂ ਨੇ ਸ਼ਾਇਦ ਇਹ ਹੀ ਸਮਝ ਲਿਆ ਹੈ ਕਿ ਉਹ ਧਰਮ ਵਲੋਂ ਭੀ ਆਜ਼ਾਦ ਹੋ ਗਏ ਹਨ। ਸਾਡੀਆਂ ਕਈ ਨਿਜੀ ਕਮਜ਼ੋਰੀਆਂ ਅਤੇ ਕੋਤਾਹੀਆਂ ਤੋਂ ਇਲਾਵਾ ਕਈ ਐਸੀਆਂ ਸ਼੍ਰੇਣੀਆਂ ਸਾਡੇ ਵਿਚੋਂ ਹੀ ਉਭਰ ਆਈਆਂ ਹਨ, ਜਿਨ੍ਹਾਂ ਨੇ ਨਿਜੀ ਪ੍ਰਭਤਾ ਬਨਾਉਣ ਹਿਤ ਗੁਰੂ ਵਲ ਕੰਡ ਕਰਨ ਤੋਂ ਭੀ ਸੰਕੋਚ ਨਹੀਂ ਕੀਤਾ। ਗੁਰਮਤਿ ਦੇ ਵਿਖਾਵੇ ਹੇਠ ਕਈ ਤਰ੍ਹਾਂ ਦੀ ਮਨਮਤਿ ਪ੍ਰਚਾਰੀ ਜਾ ਰਹੀ ਹੈ, ਜਿਸ ਦੇ ਪ੍ਰਭਾਵ ਅਧੀਨ ਅਨੇਕ ਭੋਲੇ ਤੇ ਸਾਧਾਰਨ ਬੁਧੀ ਦੇ ਮਾਲਕ ਸਿੱਖੀ ਵਲੋਂ ਹੀ ਮੂੰਹ ਮੋੜ ਰਹੇ ਹਨ।

ਇਸ ਲਈ ਐ ਖ਼ਾਲਸਾ ਪੰਥ ! ਆਪਣੇ ਬਚਾਉ ਦੀ ਸੂਰਤ ਕਰਨ ਦਾ ਕੋਈ ਹੀਲਾ ਕਰ, ਜਿਸ ਨਾਲ ਸਮੇਂ ਦੇ ਝੁਲ ਰਹੇ ਤੂਫ਼ਾਨ ਅੰਦਰ ਤੂੰ ਚਟਾਨ ਵਾਂਗ ਅਡੋਲ ਤੇ ਅਹਿਲ ਰਹਿ ਸਕੇਂ। ਇਸ ਵੇਲੇ ਇਧਰ ਉਧਰ ਦੀਆਂ ਆਸਾਂ ਲਾਹ ਕੇ 'ਨਿਰੋਲ ਖਾਲਸਾ' ਹੋ ਜਾਹ ! ਆਪਣੀ ਨਵੀਂ ਪੁੰਗਰਦੀ ਪਨੀਰੀ ਨੂੰ ਸੰਭਾਲ ! ਆਪਣੇ ਬੱਚਿਆਂ ਤੇ ਨੌਜਵਾਨਾਂ ਨੂੰ ਸਿਖ ਰਵਾਇਤਾਂ ਦਾ ਵਾਸਤਾ ਪਾ ! ਸਿਖ ਇਤਿਹਾਸ ਸੁਣਾ ਤੇ ਇਹ ਦ੍ਰਿੜ੍ਹ ਕਰਾ ਕਿ ਉਹ ਸਿਖ ਹਨ, ਉਹ ਸਿੱਖੀ ਦੇ ਨਿਆਰੇ ਰੂਪ ਵਿਚ ਹੀ ਸੋਹਣੇ ਲਗ ਸਕਦੇ ਹਨ, ਕੋਈ ਹੋਰ ਰੂਪ ਲੈ ਕੇ ਉਹ ਬੇ-ਅੰਤਤਾ ਦੇ ਮਹਾਂ ਸਾਗਰ ਵਿਚ ਡੁਬ ਜਾਣਗੇ, ਉਨ੍ਹਾਂ ਦੀ ਪਛਾਣ ਭੀ ਜਾਂਦੀ ਰਹੇਗੀ। ਇਹ ਕੇਵਲ ਖਾਲਸਾ ਰੂਪ ਹੀ ਹੈ ਜਿਸ ਵਿਚ ਉਹ ਸੰਸਾਰ ਤੋਂ ਨਿਰਾਲੇ ਪ੍ਰਗਟ ਹੋ ਵਿਚਰਨਗੇ। ਇਹ ਸਰਦਾਰੀ ਰੂਪ ਹੈ, ਇਸ ਨੂੰ ਤਿਆਗ ਕੇ ਇਸ ਨੂੰ ਕਿਧਰੇ ਢੋਈ ਨਹੀਂ ਮਿਲੇਗੀ।

ਇਹ ਸੰਭਾਲ, ਬਲ ਧਾਰਨ ਤੋਂ ਬਿਨਾਂ ਨਹੀਂ ਹੋ ਸਕੇਗੀ। ਬਲ ਆਪਾ ਸੰਭਾਲਣ ਅਤੇ ਗੁਰੂ ਦੀ ਓਟ ਵਿਚ ਹੈ, ਨਿਜੀ ਜੀਵਨ ਉਚ੍ਹਾ ਕਰਨ ਵਿਚ ਹੈ, ਆਪ ਸਿਖ ਬਣਨ ਅਤੇ ਆਪਣੇ ਆਲੇ ਦੁਆਲੇ ਸਿੱਖੀ ਵਾਤਾਵਰਣ ਪੈਦਾ ਕਰਨ ਵਿਚ ਹੈ, ਜਿਸ ਦੇ ਲਈ ਫ਼ੀ-ਜ਼ਮਾਨਾ ਸਭ ਤੋਂ ਵੱਡਾ ਹਥਿਆਰ ਪ੍ਰੈਸ ਅਤੇ ਪਲੈਟ ਫ਼ਾਰਮ ਹੈ। ਧੜੇ ਪੱਖ ਤੋਂ ਬਾਹਰ ਹੋ ਕੇ ਨਿਰੋਲ ਸਿਖ ਪ੍ਰੈਸ ਪੈਦਾ ਕਰ। ਇਹ ਕਿਸੇ ਇਕੱਲੇ ਦੁਕੱਲੇ ਦਾ ਕੰਮ ਨਹੀਂ। ਸਿਖ ਜੀਵਨੀਆਂ ਦੀ ਸੰਗਤ ਪੈਦਾ ਕਰ, ਜਿਸ ਸੰਗਤ ਦੇ ਹਰ ਪ੍ਰਾਣੀ ਦਾ ਇਹ ਮਾਟੋ ਹੋਵੇ, 'ਮੈਂ ਗੁਰੂ ਕਲਗੀਧਰ ਦਾ ਖਾਲਸਾ ਹਾਂ, ਮੇਰਾ ਅੰਦਰ ਬਾਹਰ, ਮੇਰਾ ਅੰਤਸ਼ਕਰਣ ਤੇ ਮੇਰਾ ਰੂਪ ਖਾਲਸਾ ਹੈ, ਮੈਂ ਖਾਲਸਾ ਰਹਵਾਂਗਾ।'

[ਪੁਸਤਕ "ਸਿਖ ਵੀਰਾਂ ਨੂੰ ਹਲੂਣਾ" ਦੀ ਭੂਮਿਕਾ ਚੋਂ



www.AKJ.Org

ਦੋ ਕਵਿਤਾਵਾਂ—ਵਲੋਂ ਸ: ਅਤਰ ਸਿੰਘ ਜੀ ਨੀਰ, 62-ਸੈਨਿਕ ਵਿਹਾਰ, ਦਿਲੀ-34

# ਸਮਦਰਸੀ ਸਿਖ

ਦੋਹੀਂ ਪਾਸੀਂ ਗਰਮ ਮੈਦਾਨ ਹੋਏ
ਦਲ ਆਮ੍ਹੋ ਸਾਹਮਣੇ ਆਨ ਹੋਏ
ਇਕ ਪਾਸੇ ਮੁਗ਼ਲ ਪਠਾਣ ਡਟੇ
ਇਕ ਪਾਸੇ ਸਿੰਘ ਜਵਾਨ ਡਟੇ
ਬਿਜਲੀ ਵੱਤ ਤੇਗ਼ਾਂ ਕੜਕਦੀਆਂ
ਰਹਿ ਰਹਿ ਕੇ ਪਈਆਂ ਖੜਕਦੀਆਂ
ਉਹ ਐਲੀ ਐਲੀ ਗਾਂਦੇ ਨੇ
ਇਹ ਅਕਾਲ ਅਕਾਲ ਗਜਾਂਦੇ ਨੇ।

ਜੰਗ ਮਚਿਆ ਵਾਹ ਵਾਹ ਜ਼ੋਰਾਂ ਵਿਚ
ਪਰ ਐਧਰ ਵਖਰੇ ਲੋਰਾਂ ਵਿਚ
ਇਕ ਸਿਖ ਗੁਰ-ਸ਼ਾਨਾਂ ਵਾਲੇ ਦਾ
ਉਸ ਤੀਰ ਕਮਾਨਾਂ ਵਾਲੇ ਦਾ
ਇਕ ਮਨ ਵਿਚ ਲਟਕਣ ਲਾਈ ਏ
ਮੋਢੇ ਤੇ ਛਾਗਲ ਚਾਈ ਏ
ਨ ਤਕਦਾ ਸਿੰਘ ਜਵਾਨ ਹੈ ਇਹ
ਨ ਤਕਦਾ ਮੁਗ਼ਲ ਪਠਾਣ ਹੈ ਇਹ
ਬਿਨ ਕਿਸੇ ਸਿਵਾਣੇ ਪਛਾਣੇ ਦੇ
ਬਿਨ ਦੁਸ਼ਮਨ ਦੋਸਤ ਜਾਣੇ ਦੇ
ਜੋ ਲਾਸ਼ਾਂ ਪਈਆਂ ਤੜਫਦੀਆਂ
ਪਾਣੀ ਲਈ ਵਿਲਕਣ ਤਰਸਦੀਆਂ
ਹਰ ਮੂੰਹ ਵਿਚ ਪਾਣੀ ਪਾਂਦਾ ਏ
ਤੇ ਮੋਇਆਂ ਪਿਆ ਜਿਵਾਂਦਾ ਏ।

ਇਹ ਤਕ ਕੇ ਸਿੰਘ ਨ ਰਹਿ ਸਕੇ
ਚੁਪ ਕਰ ਕੇ ਮੂਲ ਨ ਬਹਿ ਸਕੇ
ਦਾਤਾ ਨੂੰ ਅਰਜ਼ ਗੁਜ਼ਾਰੀ ਨੇ
ਇਕ ਚੁਗ਼ਲੀ ਜਾ-ਕੇ ਮਾਰੀ ਨੇ
ਵੇਖੋ ਇਹ ਦਾਤਾ ਕਹਿਰ ਹੋਇਆ
ਬੁਕਲ ਦਾ ਡੰਗਣਾ ਜ਼ਾਹਿਰ ਹੋਇਆ
ਅਸੀਂ ਮਰ ਕੇ ਦੁਸ਼ਮਣ ਮਾਰਦੇ ਹਾਂ
ਤੇ ਮੌਤ ਦੇ ਘਾਟ ਉਤਾਰਦੇ ਹਾਂ

ਉਹ ਸਾਡੀ ਜਾਨ ਦੇ ਵੈਰੀ ਨੇ
ਲਹੂ-ਪੀਣੇ ਜ਼ਾਲਮ ਜ਼ਹਿਰੀ ਨੇ
ਪਰ ਇਹਨੇ ਅੱਤ ਕੀ ਚਾਈ ਏ
ਸਭ ਕੀਤੀ ਖੂਹ ਵਿਚ ਪਾਈ ਏ
ਨ ਤਕਦਾ ਸਿੰਘ ਜਵਾਨ ਹੈ ਇਹ
ਨ ਤਕਦਾ ਮੁਗ਼ਲ ਪਠਾਣ ਹੈ ਇਹ
ਜੋ ਲਾਸ਼ਾਂ ਪਈਆਂ ਤੜਫਦੀਆਂ
ਪਾਣੀ ਲਈ ਵਿਲਕਣ ਤਰਸਦੀਆਂ
ਬਿਨ ਕਿਸੇ ਸਿਵਾਣ-ਪਛਾਣੇ ਦੇ
ਬਿਨ ਦੁਸ਼ਮਨ ਦੋਸਤ ਜਾਣੇ ਦੇ
ਹਰ ਮੂੰਹ ਵਿਚ ਪਾਣੀ ਪਾਂਦਾ ਏ
ਤੇ ਮੋਇਆਂ ਪਿਆ ਜਿਵਾਂਦਾ ਏ

ਇਹ ਸੁਣ ਕੇ ਅਰਸ਼ੀ ਮਾਹੀ ਨੇ
ਉਸ ਪ੍ਰੀਤਮ ਫ਼ਰਸ਼ੀ ਮਾਹੀ ਨੇ
ਇਉਂ ਬੁਲ੍ਹ ਫੁਰਕ ਮੁਸਕਾਇਆ ਏ
ਕੁਝ ਭੇਦ ਖੋਲ੍ਹਣਾ ਚਾਹਿਆ ਏ
ਕਹੁ ਭਾਈ ਕਨ੍ਹਈਆ ਕੀ ਗੱਲ ਏ
ਇਸ ਗੱਲ ਦੇ ਅੰਦਰ ਕੀ ਗੱਲ ਏ
ਤੂੰ ਵੈਰੀ ਮਿਤਰ ਵੀ ਤਕਦਾ ਨਹੀਂ
ਫਿਰ ਵੈਰੀ ਜਿਵਾਂਦਾ ਝਕਦਾ ਨਹੀਂ?

ਇਹ ਸੁਣ ਕਨ੍ਹੱਈਆ ਕਹਿਣ ਲਗਾ
ਸਤਿਗੁਰ ਦੀ ਸਰਣੀ ਪੈਣ ਲਗਾ
ਤੁਸੀਂ ਬਖ਼ਸ਼ੋ ਬਖਸ਼ਣਹਾਰੇ ਜੀ
ਹੇ ਪ੍ਰੀਤਮ ਪ੍ਰਾਨ ਪਿਆਰੇ ਜੀ
ਜਦ ਦਾ ਮੈਂ ਦਰਸ਼ਨ ਕੀਤਾ ਏ
ਜਦ ਦਾ ਇਹ ਰਸਤਾ ਲੀਤਾ ਏ
ਸਭ ਦੂਈ ਦਾ ਪਰਦਾ ਦੂਰ ਹੋਇਆ
ਏਕੇ ਦਾ ਅੰਦਰ ਨੂਰ ਹੋਇਆ
ਕੋਈ ਦਿਸਦਾ ਹੋਰ ਬਿਗਾਨਾ ਨਹੀਂ
ਕਿਸੇ ਵੈਰੀ ਨਾਲ ਯਰਾਨਾ ਨਹੀਂ।


www.AKJ.Org

ਮੈਂ ਜਿਸ ਵਲ ਹੱਥ ਵਧਾਦਾਂ ਹਾਂ
ਜਿਸ ਮੂੰਹ ਚਿ ਪਾਣੀ ਪਾਂਦਾ ਹਾਂ
ਬਸ ਓਥੇ ਤੂੰ ਹੀ ਤੂੰ ਦਿਸੇਂ
ਤੇਰਾ ਤਰਲੇ ਕਢਦਾ ਮੂੰਹ ਦਿਸੇ।

ਹਥਾਂ ਦਾ ਦੇ ਰੁਮਾਲ ਦਿਤਾ
ਇਕ ਰਸਤਾ ਹੋਰ ਵਿਖਾਲ ਦਿਤਾ
ਇਕ ਡਬੀ ਜਹੀ ਫੜਾ ਦਿਤੀ
ਇਕ ਗੁਝੀ ਰਮਜ਼ ਸਮਝਾ ਦਿਤੀ

ਇਹ ਸੁਣ ਕੇ ਪ੍ਰੀਤਮ ਹੱਸ ਪਏ
ਬਣ ਬੱਦਲ ਮਿਹਰ ਦੇ ਵਸ ਪਏ
ਉਹਨੂੰ ਸੀਨੇ ਨਾਲ ਲਗਾ ਲੀਤਾ
ਉਹਨੂੰ ਆਪਣਾ ਰੂਪ ਬਣਾ ਲੀਤਾ

ਮਿਹਰਾਂ ਦਾ ਛੱਟਾ ਪਾਇਆ ਨੇ
ਤੇ ਮੁਖ ਤੋਂ ਇਉਂ ਫੁਰਮਾਇਆ ਨੇ
ਜ਼ਖ਼ਮਾਂ ਨੂੰ ਸਾਫ ਕਰੇਂਦਾ ਰਹੁ
ਮਰਮਾਂ ਵੀ 'ਨੀਰ' ਭਰੇਂਦਾ ਰਹੁ।

# ਦੇਸ਼ ਲਈ ਸਿੱਖਾਂ ਦੀ ਕੁਰਬਾਨੀ

ਦੇਸ਼-ਅਜ਼ਾਦੀ ਦਾ ਅੰਦੋਲਨ ਕੋਈ ਵੀ ਨਹੀਂ ਅਜਿਹਾ, ਸਿਖ ਕੁਰਬਾਨੀਆਂ ਦਾ ਜਿਸ ਅੰਦਰ ਚਮਤਕਾਰ ਨਹੀਂ ਪਿਆ।
ਦੇਸ਼ ਦੀ ਭਗਤੀ ਸਿਖਾਂ ਦੀ ਤੇ ਦੇਸ਼ ਲਈ ਕੁਰਬਾਨੀ, ਉੱਚੀ ਸੁਚੀ ਸਭ ਤੋਂ ਵਧੀਆ, ਬੇ-ਮਿਸਾਲ ਲਾਸਾਨੀ।
ਡਾਂਗਾਂ ਖਾਧੀਆਂ, ਗੋਲੀਆਂ ਭੁੰਨਿਆ, ਤੋਪਾਂ ਅਗੇ ਹੱਸ ਕੇ, ਦੇਸ਼ ਦੀ ਖ਼ਾਤਰ ਨਿਤ ਨਵੇਂ ਚਾਅ ਅਗੇ ਹੋਏ ਨੱਸ ਕੇ।
ਆਜ਼ਾਦੀ ਦੇ ਹੱਵਨ-ਕੁੰਡ ਵਿਚ ਛਾਲਾਂ ਮਾਰ ਕੇ ਪੈਂਦੇ; ਸਿਰਲੱਥ ਜੋਧੇ, ਸਖ਼ਤੀਆਂ ਕੋਲੋਂ, ਨ ਡਰਦੇ ਨ ਤ੍ਰਹਿੰਦੇ।
ਦੇਸ਼ ਦੀ ਕੁਲ ਆਬਾਦੀ ਅੰਦਰ, ਡੇਢ ਪਰਸੰਟ ਸਿਖ ਸਾਰੇ, ਐਪਰ ਇਸ ਸੰਗਰਾਮ ਦੇ ਅੰਦਰ ਨੱਵੇ ਪਰਸੰਟ ਗਏ ਮਾਰੇ।
ਸੰਤਾਲੀ ਸੌ ਚੁਹੱਤਰ ਬੰਦੇ ਇਸ ਘੋਲ ਵਿਚ ਮੋਏ, ਛੱਤੀ ਸੌ ਸੱਤਾਨਵੇਂ ਜਿਸ ਵਿਚ ਸਿਰ ਸਿਖਾਂ ਨੇ ਢੋਏ।
ਬਾਕੀ ਹੋਰਾਂ ਦੀ ਹੈ ਗਿਣਤੀ ਦੱਸ ਸੌ ਸਤੱਤਰ ਸਾਰੀ, ਦੂਜਿਆਂ ਨਾਲੋਂ ਕਈ ਗੁਣਾ ਵੱਧ ਸਿਖਾਂ ਕੀਮਤ ਤਾਰੀ।
ਫਾਂਸੀਆਂ ਉਤੇ ਗਏ ਚੜ੍ਹਾਏ ਕੁਟੇ ਕਈ ਹਜ਼ਾਰਾਂ, ਫਿਰ ਵੀ ਨਹੀਂ ਗੁਲਾਮੀ ਮੰਨੀ ਦੇਸ਼ ਦਿਆਂ ਸਰਦਾਰਾਂ।
ਇਸ ਸ਼ੁਮਾਰੀ ਅੰਦਰ ਸ਼ਾਮਲ ਨਹੀਂ ਸ਼ਹੀਦੀ ਕਾਈ, ਜੋ 'ਨੇਵੀ' ਤੇ ਕਾਲੋਨੀ ਐਕਟ ਅਜ਼ਾਦ ਫ਼ੌਜ ਵਿਚ ਪਾਈ।
ਅਠਾਰਾਂ ਸੌ ਸੰਤਾਲੀ ਵਿਚ ਮਹਾਰਾਜ ਸਿੰਘ ਸਿਖ ਅੜਿਆ, ਪਿਛੋਂ ਅੰਗ੍ਰੇਜ਼ਾਂ ਵਿਰੁੱਧ ਅਤਰ ਸਿੰਘ ਅਟਾਰੀ ਝੰਡਾ ਫੜਿਆ।
ਅਠਾਰਾਂ ਸੌ ਉਨੱਤਰ, ਬਾਬਾ ਰਾਮ ਸਿੰਘ ਲੁਧਿਆਣੇ, ਰੇਲ-ਗੱਡੀਆਂ, ਸਰਕਾਰੀ ਨੌਕਰੀਆਂ, ਅਦਾਲਤਾਂ ਤੇ ਡਾਕਖਾਨੇ;
ਜ਼ਬਾਨ ਅੰਗ੍ਰੇਜ਼ੀ, ਲਿਬਾਸ ਅੰਗ੍ਰੇਜ਼ੀ, ਬਾਈਕਾਟ ਕਰ ਕਹਿਆ, ਦੇਸ਼ ਅਸਾਡਾ ਅਸੀਂ ਏਸਦੇ, ਗ਼ੈਰ ਨਹੀਂ ਜਾਂਦਾ ਸਹਿਆ।
ਅੰਗਰੇਜ਼ ਹਕੂਮਤ ਬਿਫਰ ਪਈ, ਗਰਜ ਸੁਣ ਕੇ ਭਾਰੀ, ਉਣਾਨਵੇਂ ਸਿਖ ਸਿਰਾਂ ਤੇ ਕੀਤੀ ਤੋਪਾਂ ਦੀ ਉਸਾਰੀ।
ਖਦਰ ਬਾਣਾ, ਸਬਰ, ਅਹਿੰਸਾ ਦਿਤਾ ਰਾਮ ਸਿੰਘ ਬਾਬੇ, ਉਦੋਂ ਤੀਕ ਤਾਂ ਕਾਂਗਰਸ ਨਹੀਂ ਸੀ, ਚੜ੍ਹੀ ਕਿਸੇ ਵੀ ਛਾਬੇ।
ਅਠਾਰਾਂ ਸੌ ਪਚਾਸੀ ਅੰਦਰ, ਕਾਂਗਰਸ ਹੋਂਦ ਵਿਚ ਆਈ, ਇਨ੍ਹਾਂ ਲੀਹਾਂ ਤੇ ਆਖ਼ਰ ਤੋਰੀ ਭਾਰਤ ਦੀ ਲੁਕਾਈ।
ਗ਼ੱਦਰ ਪਾਰਟੀ, ਬਾਬਾ ਗੁਰਦਿਤ ਸਿੰਘ ਕਾਮਾ ਗਾਟਾ ਮਾਰੂ, ਬੇੜਾ ਲਿਜਾ ਕੇ ਦੇਸ਼ ਤੋਂ ਬਾਹਰ ਕੀਤਾ ਕੰਮ ਉਸਾਰੂ।
ਰਹੇ ਸਮੁੰਦਰ ਦੇ ਪਾਣੀ ਵਿਚ ਕੈਦੀ ਕਈ ਮਹੀਨੇ, ਫਿਰ ਵੀ ਰਹੇ ਅੰਗ੍ਰੇਜ਼ ਦੇ ਵਗਦੇ, ਹੇਠੋਂ ਉਤੋਂ ਪਸੀਨੇ।
ਗੋਲੀਆਂ ਨਾਲ ਭੁੰਨੀਂਦੇ ਸੈਂਕੜੇ, ਦੇਸ਼-ਲਗਨ ਨ ਛੋੜੀ, ਜਲਾਵਤਨ ਹੋ ਦਰ ਦਰ ਰੁਲੇ ਨਿਭਾਈ ਆਖ਼ਰ ਤੋੜੀ।
ਅਜੀਤ ਸਿੰਘ ਤੇ ਕਿਸ਼ਨ ਸਿੰਘ ਨੇ ਥਾਂ ਥਾਂ ਜਾ ਜਗਾਇਆ, 'ਪਗੜੀ ਸੰਭਾਲ' ਦਾ ਲਾਕੇ ਨਾਹਰਾ ਥਾਂ ਥਾਂ ਭੜਥੂ ਪਾਇਆ।
ਵਿਚ ਬਦੇਸ਼ਾਂ ਜਾ ਜਾ ਕੇ ਆਜ਼ਾਦੀ-ਲਹਿਰ ਚਲਾਈ, ਅਮਰੀਕਾ, ਕੈਨੇਡਾ, ਕੈਲੇਫ਼ੋਰਨੀਆ ਜਾ ਜਾ ਅੱਗ ਭੜਕਾਈ।
ਉਨੀ ਸੌ ਉਨੀ, ਮਾਰਸ਼ਲ-ਲਾਅ ਚਿ ਸਿਖਾਂ ਖੁਲ੍ਹਮ ਖੁਲ੍ਹਾ, ਅੰਗਰੇਜ਼ ਹਕੂਮਤ ਦੇ ਮੂੰਹ ਉਤੇ ਮਾਰਿਆ ਜ਼ੋਰ ਦਾ ਟੂਲਾ।
ਤੋਪਾਂ ਦੇ ਸੰਗ ਗਏ ਉਡਾਏ, ਜਾਇਦਾਦਾਂ ਜ਼ਬਤ ਕਰਾਈਆਂ, ਘਰ ਬਾਰ ਪ੍ਰਵਾਰ ਮਰਵਾਏ ਤੀਊੜੀਆਂ ਨਹੀਂ ਪਰ ਪਾਈਆਂ।
ਜਲ੍ਹਿਆਂ ਵਾਲੇ ਬਾਗ਼ ਚਿ ਗੋਰਿਆਂ ਰੱਜ ਕੇ ਜ਼ੁਲਮ ਕਮਾਇਆ, ਏਥੇ ਵੀ ਅਹਿੰਸਾ ਦਾ ਸਿਖਾਂ ਰੂਪ ਵਿਖਾਇਆ।
ਨਾ-ਮਿਲਵਰਤਣ ਲਹਿਰ 'ਗਾਂਧੀ ਜੀ' ਸੰਨ ਇਕੀ ਵਿਚ ਕੀਤੀ, 'ਸਿਰਫ ਸਿਖਾਂ ਹੀ' ਲਾਹ ਵਗਾਈ 'ਨੰਬਰਦਾਰੀ' ਦੀ ਫੀਤੀ।



www.AKJ.Org

ਨਾ ਬਹੁ-ਗਿਣਤੀ ਨ ਮੁਸਲਮਾਨਾਂ ਝਾਤੀ ਏਧਰ ਮਾਰੀ, ਚੁਪ ਕਰਕੇ, ਲੰਬੀ ਤਾਣ ਕੇ, ਸੌਂ ਗਏ ਪੈਰ ਪਸਾਰੀ।
ਭਗਤ ਸਿੰਘ ਜੜ੍ਹਾਂ ਹਿਲਾਈਆਂ ਅੰਗ੍ਰੇਜ਼-ਸ਼ਾਹੀ ਦੀਆਂ ਗੱਜ ਕੇ,ਚੁੰਮਿਆ ਦਾਰ ਦੇ ਰਸਿਆਂ ਤਾਈਂ ਹੱਸ ਹੱਸ ਭੱਜ ਭੱਜਕੇ।
ਉਨੀ ਸੌ ਬਿਤਾਲੀ 'ਭਾਰਤ ਛਡੋ ਲਹਿਰ' ਚਿ ਵੀ ਸਿਖ ਅਗੇ, ਸਹੇ ਤਸੀਹੇ, ਜੇਲ੍ਹਾਂ ਭਰੀਆਂ, ਉਡੇ ਬਗਲੇ ਬੱਗੇ।
ਦੇਸ਼ ਪਿਆਰ ਦੀ ਪਰਖ ਤੇ ਉਤਰੇ ਸਿਖ ਸਦਾ ਹੀ ਪੂਰੇ, ਫ਼ੌਜ ਬਣਾਈ ਅਜ਼ਾਦ ਹਿੰਦ, ਜਨਰਲ ਮੋਹਣ ਸਿੰਘ ਸੂਰੇ।
ਇਸ ਫ਼ੌਜ ਦੇ ਅੰਦਰ ਵੀ ਵੱਧ ਸਿਖਾਂ ਦੀ ਭਿਆਲੀ, ਸੌ ਚੋਂ ਛਿਆਸਠ ਲਾਲ ਗੁਰੂ ਦੇ ਬਾਕੀ ਛੇ ਘਟ ਚਾਲੀ।
ਉਨੀ ਸੌ ਸੰਤਾਲੀ ਅੰਦਰ ਵੰਡ ਦੇਸ਼ ਦੀ ਹੋਈ, ਉਜੜੀ ਪੁਜੜੀ ਸਿਖ ਕੌਮ ਹੀ, ਥਹੁ ਨ ਰਿਹਾ ਕੋਈ।
ਦੂਜਿਆਂ ਤੋਂ ਵੱਧ ਸਿਖਾਂ ਨੂੰ ਅਪਣੇ ਸਾਕ ਸਨਬੰਧਾਂ, ਜੱਦੀ ਜਾਇਦਾਦਾਂ, ਮਹਿਲ ਮਾੜੀਆਂ, ਘਰ ਘਾਟ ਦੀਆਂ ਕੰਧਾਂ।
ਖ਼ੂਨ ਪਸੀਨੇ ਨਾਲ ਵਸਾਈਆਂ ਲਹਿ ਲਹਿ ਕਰਦੀਆਂ ਬਾਰਾਂ, ਪਾਕ ਪਵਿਤਰ ਗੁਰਦਵਾਰੇ ਅੰਨ ਧੰਨ ਭਰੇ ਭੰਡਾਰਾਂ।
ਸ਼ਹਿਰ ਗਰਾਵਾਂ ਦੇ ਸਰਮਾਇਆਂ ਦੀ ਭਰਪੂਰ ਅਹੂਤੀ, ਦੇਣੀ ਪਈ ਸਭ ਤੋਂ ਵੱਧ ਹੀ ਸਿੱਖਾਂ ਨੂੰ ਕਸੂਤੀ।
ਐਨੀ ਅਹੂਤੀ ਦੇ ਦੇ ਕੇ ਵੀ ਮਨ ਨਹੀਂ ਮੈਲਾ ਕੀਤਾ, ਦੇਸ਼ ਨੂੰ ਮਿਲੀ ਅਜ਼ਾਦੀ ਖ਼ਾਤਰ, ਸਬਰ-ਪਿਆਲਾ ਪੀਤਾ।
ਬਹੁ-ਗਿਣਤੀ ਦੀ ਬਣੀ ਹਕੂਮਤ ਵਿਸਰ ਗਈਆਂ ਸਭ ਗੱਲਾਂ, ਨਸ਼ੇ ਹਕੂਮਤ ਦੇ ਵਿਚ ਲਗੀਆਂ ਉਠਣ ਵਲਾਂ ਛਲਾਂ।
ਸੁੰਢ ਦੀ ਗੰਢੀ ਲੈ ਕੇ ਕਈ ਬਣ ਗਏ ਐਵੇਂ ਪੰਜਾਰੀ, ਕਤਾਰ ਮੋਹਰਲੀ ਦੇ ਵਿਚ ਆ ਗਏ, ਜਿਨ੍ਹਾਂ ਨਾ ਮਖੀ ਮਾਰੀ।
ਭਾਵਨਾ ਬਦਲੀ ਸਿਖਾਂ ਬਾਰੇ, ਮੁਕਰ ਗਏ ਜੋ ਕਹੀਆਂ, ਪਿਆਰ ਭਰੱਪਣ ਦੀ ਥਾਂ ਉਤੇ ਦੇਵਣ ਲਗੇ ਝੱਈਆਂ।
ਮਹਾਤਮਾ ਗਾਂਧੀ, ਜਵਾਹਰ ਲਾਲ ਦੇ ਵਾਇਦੇ ਹੋਏ ਨ ਪੂਰੇ, ਇਕ-ਸਮਾਨਤਾ ਬਰਾਦਰੀ ਦੀ ਥਾਂ ਦਿਸਣ ਲਗੇ ਹੂਰੇ।
ਮਰਜ਼ੀ ਦਾ ਸੰਵਿਧਾਨ ਬਣਾਇਆ ਸਿਖਾਂ ਨੂੰ ਛਟਿਆ ਕੇ, ਮੁਨਕਰ ਹੋਏ ਇਕਰਾਰ ਜੋ ਕੀਤੇ ਸਹੁੰਆਂ ਕਸਮਾਂ ਖਾ ਕੇ।
ਗਿਰਗਟ ਵਾਂਗੂ ਰੰਗ ਬਦਲਿਆ ਗ਼ਲਤ ਸੋਚ ਵਿਚ ਪੈ ਕੇ, ਫ਼ਰਕ ਤਫ਼ਰਕੇ ਦਾ ਰੰਗ ਦਿਤਾ, ਕੁਰਸੀਆਂ ਉਤੇ ਬਹਿ ਕੇ।
'ਦੇਸ਼-ਭਗਤ ਸਿਖ ਕੌਮ ਬਹਾਦਰ' ਦੀ ਥਾਂ ਬਦਲੇ ਨਾਹਰੇ, ਸ਼ਕੀ ਨਜ਼ਰਾਂ ਨਾਲ ਤਕੀਂਦੇ ਜਾਣ ਲਗੇ ਸਿਖ ਸਾਰੇ।
ਐਪਰ ਦੇਸ਼ ਸਮੁੱਚੇ ਅੰਦਰ ਸਿਖਾਂ ਦੀ ਕੁਰਬਾਨੀ, ਚਮਕ ਰਹੀ ਹੈ, ਚਮਕਦੀ ਰਹਿਣੀ, ਜਿਉਂ ਸੂਰਜ ਨੂਰਾਨੀ।
ਦੇਸ਼ ਦੀਆਂ ਨੀਂਹਾਂ ਅੰਦਰ ਸਿਖਾਂ ਆਪਣੇ ਖੋਪਰ ਪਾਏ, ਪੁਤਰ-ਪੋਤਰਿਆਂ ਦੇ ਲਹੂਆਂ ਸੰਗ ਥੰਮ੍ਹ ਇਸ ਦੇ ਲਿਸ਼ਕਾਏ।
ਸਾਰੇ ਦੇਸ਼ ਦੇ ਅੰਦਰ ਪੂਰਾ ਸਿੱਖਾਂ ਦਾ ਭਾਈਚਾਰਾ, ਦੇਸ਼ ਵਾਸਤੇ ਜਾਨ ਵਾਰਨੀ, ਦੇਸ਼ ਜਾਨ ਤੋਂ ਪਿਆਰਾ।
ਦੁੱਧ ਮਾਂ ਦਾ ਸਫਲਾ ਕੀਤਾ ਰਤਨ ਸਿੰਘ ਜਹੇ ਬੀਰਾਂ, ਮਥਰਾ ਸਿੰਘ ਗੜਗਜ ਕਿਸ਼ਨ ਸਿੰਘ ਦੇਸ਼ ਦੇ ਉਚ ਸਰੀਰਾਂ।
ਦੀਵਾਨ ਸਿੰਘ ਕਾਲੇਪਾਣੀ,ਬਿਸ਼ਨ ਸਿੰਘ ਬੂਟਰ,ਈਸ਼ਰ ਸਿੰਘ ਮਰਹਾਣਾ,ਠੀਕਰੀਵਾਲਾ ਸੇਵਾਸਿੰਘ ਭਕਨਾ ਕਰਮ ਕਮਾਣਾ
ਮਲਾਇਣ ਗਾਂਧੀ ਬੁਧ,ਨਿਧਾਨ ਸਿੰਘ,ਕਰਤਾਰ ਸਿੰਘ ਵੀਰ ਸਰਾਭਾ,ਪਿਉ ਪੁਤਰ ਰਿਪੁਦਮਨ ਸਿੰਘ ਨਾਭੇ ਦਾ ਮਹਾਰਾਜਾ।
ਬੇਤਾਜ ਬਾਦਸ਼ਾਹ ਸਿੱਖ ਕੌਮ ਦਾ ਖੜਕ ਸਿੰਘ ਅਣਖੀਲਾ, 'ਅਕਰਪੁਰੀ','ਜੋਸ਼' 'ਸੁਤੰਤਰ' ਮੋਤਾ ਸਿੰਘ ਹਠੀਲਾ।
'ਨਾਗੋਕੇ'ਮਾਸਟਰ ਤਾਰਾਸਿੰਘ, 'ਸਮੁੰਦਰੀ' ਝਬਾਲ ਸਰਦਾਰਾਂ,ਜਵਾਲਾਸਿੰਘ ਰਣਧੀਰਸਿੰਘ'ਕਵੀਸ਼ਰ ਸਰਦੂਲ'ਹਜ਼ਾਰਾਂ।
ਅਮਰ ਸ਼ਹੀਦਾਂ ਦੀ ਲੜੀ ਵਿਚ'ਫੇਰੂਮਾਨ'ਪਿਆ ਚਮਕੇ,'ਡਾਇਰ'ਨੂੰ ਵਲਾਇਤ ਜਾ ਭੁੰਨਿਆ ਊਧਮ ਸਿੰਘ ਨੇ ਜੰਮ ਕੇ।
ਹੋਰ ਗੁਰੂ ਦੇ ਲਾਲ ਅਨੇਕਾਂ, ਜਾਨਾਂ ਘੋਲ ਘੁਮਾ ਗਏ, ਤੋੜ ਗ਼ੁਲਾਮੀ ਦੀਆਂ ਜ਼ੰਜੀਰਾਂ ਭਾਰਤ ਨੂੰ ਚਮਕਾ ਗਏ।
ਅਗੇ ਨਹੀਂ ਹਟੇ, ਮੁੜ ਨਹੀਂ ਹਟਣਾ,ਦੇਸ਼ ਲਈ ਕਿਸੇ ਵੀ ਵੇਲੇ,ਸਾਫ਼ ਹੈ ਨੀਤੀ ਸਦਾ ਦੇਸ਼ ਲਈ,ਕੋਈ ਵੀ ਨਾ ਝਮੇਲੇ।
ਕਲ੍ਹਾ ਕੁਤਿਤਣ ਸਦਾ ਵਧਾਂਦੇ ਸ਼ਕ ਸ਼ੁਬਾ ਦੇ ਕਿਤੇ, ਪਿਆਰ ਤੋਂ ਪਿਆਰ ਪੱਨਪਦਾ ਸਜਣੋ ਵਿਸ਼ਵਾਸ ਦਿਲਾਂ ਨੂੰ ਜਿਤੇ।
ਸੋਚ ਓਹੀ ਜੋ ਪਿਆਰ ਪਲੋਵੇ, ਚੰਗੀ ਅਤੇ ਸੁਖਾਲੀ, ਤਾਕਤ ਚੰਗੀ ਜੋ ਸਹਿਨਸ਼ੀਲ ਹੋ ਸਭ ਦੀ ਕਰੇ ਰਖਵਾਲੀ।
ਹੱਕ ਵਾਲੇ ਦਾ ਹੱਕ ਨ ਮਾਰੇ, ਹੱਕ ਦੇ ਕੇ ਖ਼ੁਸ਼ ਹੋਵੇ, ਫੁੱਲ ਪਿਆਰਾ ਸੋਹਣਾ ਉਹੀ ਜੋ ਵਾਯੂ ਨੂੰ ਖ਼ੁਸ਼ਬੋਵੇ।
ਆਜ਼ਾਦ ਦੇਸ ਦੇ ਵਾਸੀਓ ! ਬਦਲੋ ਸੋਚਾਂ ਅਤੇ ਵਤੀਰੇ, ਤਾਂ ਹੀ ਚਮਕਣੇ "ਨੀਰ" ਦੇਸ਼ ਚਿ ਸੁਖ-ਸ਼ਾਂਤੀ ਦੇ ਹੀਰੇ।

## ਪਿੰਡ ਘਣਗਸ (ਨੇੜੇ ਰ ੜਾ ਸਾਹਿਬ) ਵਿਖੇ ਰੈਣ ਸਬਾਈ ਕੀਰਤਨ

ਭਾਈ ਧਰਮ ਸਿੰਘ ਦੇ ਗ੍ਰਹਿ 9-12-89 ਸ਼ਨੀਵਾਰ ਰਾਤ ਨੂੰ ਕੀਰਤਨ ਦੇ ਲਾਹੇ ਲਵੋ ਜੀ।



www.AKJ.Org

# ਸੰਘਰਸ਼, ਸਿਰਜਨਾ ਤੇ ਸਫਲਤਾ

[ਪ੍ਰਿੰਸੀਪਲ ਨਾਹਰ ਸਿੰਘ ਜੀ, ਕ੍ਰਿਸ਼ਨ ਨਗਰ, ਸਿਵਲ ਲਾਈਨ, ਲੁਧਿਆਣਾ]

**1. ਸੰਘਰਸ਼–**

ਮਨੁੱਖੀ ਜੀਵਨ ਹੀ ਸੰਘਰਸ਼ ਦਾ ਵਧੀਆ ਸਰੂਪ ਹੈ । ਮਨੁੱਖ ਦਾ ਜਨਮ ਹੀ ਸੰਘਰਸ਼ ਦਾ ਫਲਸਰੂਪ ਹੈ। ਕਿਸੇ ਮਹਾਨ ਪ੍ਰਾਪਤੀ ਲਈ, ਬਿਪਤਾ ਸਹਿਣਾ, ਜਾਨ ਨੂੰ ਖ਼ਤਰੇ ਵਿਚ ਝੋਕਣਾ, ਕਠਨ ਸਾਧਨਾ ਕਰਨਾ, ਵੱਡੀਆਂ ਘਾਲਣਾਂ ਘਾਲਣਾ, ਔਕੜਾਂ-ਅੜਚਨਾਂ ਦੀ ਖਿੜੇ ਮੱਥੇ ਨਵਿਰਤੀ ਕਰਨੀ ਉਤਸ਼ਾਹ ਤੇ ਸਾਹਸ ਨਾਲ, ਨਿਸਚੇ ਸਹਿਤ ਲੱਗੇ ਰਹਿਣਾ ਹੀ ਸੰਘਰਸ਼ ਹੈ। ਨਾਕਾਮੀਆਂ, ਥੁੜਾਂ, ਊਣਤਾਈਆਂ, ਵਿਰੋਧਤਾਵਾਂ, ਬੀਮਾਰੀਆਂ ਨੂੰ ਜਰ ਕਰਨਾ ਹੀ ਸੰਘਰਸ਼ ਹੈ। ਆਦੀ ਮਨੁੱਖ ਕੁਦਰਤੀ ਸ਼ਕਤੀਆਂ ਅੱਗੇ ਆਤਰ ਤੇ ਬੇਬਸ ਸੀ, ਪਰ ਇਹ ਇਸ ਦੀ ਸੰਘਰਸ਼ੀ ਹਿੰਮਤ, ਧੀਰਜ ਤੇ ਗੰਭੀਰਤਾ ਦਾ ਨਤੀਜਾ ਹੈ ਕਿ ਇਸ ਨੇ ਹੌਲੀ ਹੌਲੀ ਕੁਦਰਤੀ ਸ਼ਕਤੀਆਂ, ਹਵਾ, ਪਾਣੀ, ਅੱਗ ਨੂੰ ਕਾਬੂ ਕਰ ਲਿਆ। ਇਹ ਮਾਰੂ ਤੇ ਢਾਹੂ ਚੀਜ਼ਾਂ ਹੀ ਸੇਵਾਦਾਰ ਤੇ ਉਸਾਰੂ ਬਣ ਗਈਆਂ, ਤੇ ਅੱਜ ਮਨੁੱਖ ਨੂੰ ਵਧੇਰੇ ਉਪਜ ਵਿਚ ਸਹਾਈ ਹੋ ਰਹੀਆਂ ਹਨ।

ਮਨੁੱਖ ਨੇ ਆਪਣੇ ਸੁਭਾਵਿਕ ਸੰਘਰਸ਼ ਦੁਆਰਾ ਭਾਈਚਾਰਕ ਤੇ ਸਮਾਜਿਕ ਜੀਵਨ ਵਿਚ ਵੀ ਬੁਨਿਆਦੀ ਪ੍ਰੀਵਰਤਣ ਲੈ ਆਂਦਾ ਹੈ। ਇਉਂ ਮਲੂਮ ਹੁੰਦਾ ਹੈ ਜਿਵੇਂ ਸੰਘਰਸ਼ ਕਰਨਾ ਮਨੁੱਖ ਦਾ ਕੁਦਰਤੀ ਸੁਭਾਅ ਬਣ ਕੇ ਇਸ ਦੀ ਪ੍ਰਕਿਰਤੀ ਵਿਚ ਪ੍ਰਵੇਸ਼ ਕਰ ਚੁੱਕਾ ਹੁੰਦਾ ਹੈ। ਜਦੋਂ ਚਾਲੂ ਆਰਥਿਕ, ਸਮਾਜਿਕ ਤੇ ਰਾਜਨੀਤਿਕ ਪ੍ਰਣਾਲੀਆਂ ਸਮੇਂ ਦੀਆਂ ਲੋੜਾਂ ਪੂਰੀਆਂ ਨਹੀਂ ਕਰਦੀਆਂ ਤਾਂ ਇਹ ਇਹਨਾਂ ਨੂੰ ਆਪਣੀਆਂ ਲੋੜਾਂ ਅਨੁਸਾਰ ਢਾਲਣ ਜਾਂ ਬਦਲਣ ਲਈ ਤਤਪਰ ਸੰਘਰਸ਼ ਕਰਦਾ ਹੈ। ਇਹ ਸੰਘਰਸ਼ ਕਈ ਵਾਰੀ ਇਕ ਸਮੂਹਿਕ ਲਹਿਰ ਦਾ ਰੂਪ ਧਾਰ ਲੈਂਦਾ ਹੈ। ਇਹ ਲਹਿਰ ਆਪਣੇ ਮਨੋਰਥਾਂ ਤੇ ਟੀਚਿਆਂ ਨੂੰ ਪ੍ਰਾਪਤ ਕਰ ਕੇ ਹੀ ਸਾਹ ਲੈਂਦੀ ਹੈ। ਅਜਿਹੇ ਵੱਡੇ ਅੰਦੋਲਨ ਹੀ ਇਨਕਲਾਬ ਲਿਆਉਂਦੇ ਹਨ।

**2. ਸਿਰਜਨਾ–**

ਇਤਿਹਾਸ ਗਵਾਹੀ ਭਰਦਾ ਹੈ ਕਿ ਸੰਘਰਸ਼ੀ ਲਹਿਰਾਂ ਤੇ ਅੰਦੋਲਨਾਂ ਦੇ ਇਨਕਲਾਬੀ ਆਗੂਆਂ ਨੂੰ ਨਾ ਬਰਦਾਸ਼ਤ ਕਰਦੇ ਹੋਏ ਸਮੇਂ ਦੀਆਂ ਹਕੂਮਤਾਂ ਨੇ ਦੇਸ਼-ਨਿਕਾਲੇ ਦਿੱਤੇ, ਜੇਲ੍ਹਾਂ ਦੀਆਂ ਕਾਲ-ਕੋਠੜੀਆਂ ਵਿਚ ਰੋਲਿਆ, ਫਾਂਸੀ ਦੇ ਤਖ਼ਤੇ ਤੇ ਲਟਕਾਇਆ। ਕਈ ਪਰਕਾਰ ਦੇ ਤਸੀਹੇ ਦਿਤੇ, ਪਰ ਇਹ ਸੂਰਮੇ ਆਪਣੇ ਰਾਹਾਂ ਤੋਂ, ਆਦਰਸ਼ਾਂ ਤੋਂ ਨਾ ਥਿੜਕੇ। ਪਰ ਇਹਨਾਂ ਸਿਦਕੀ ਸਿਰੜੀਆਂ ਨੇ ਜੇਲ੍ਹਾਂ ਵਿਚ ਵੀ ਕਲਮਾਂ ਤੇ ਜ਼ਬਾਨੀ ਸੁਨੇਹਿਆਂ ਰਾਹੀਂ ਆਪਣੇ ਵਿਚਾਰਾਂ ਨੂੰ, ਪਰਗਟ ਤੇ ਗੁਪਤ ਢੰਗਾਂ ਨਾਲ ਲੋਕਾਂ ਤੱਕ ਪਹੁੰਚਾਇਆ, ਸੰਘਰਸ਼ ਨੂੰ ਢਿੱਲਾ ਨਹੀਂ ਪੈਣ ਦਿਤਾ। ਉਹਨਾਂ ਨੇ ਜੇਲ੍ਹਾਂ ਵਿਚ ਕਿਤਾਬਾਂ ਲਿਖੀਆਂ, ਜੋ ਸਿਰਜਨਾ ਬਣ ਕੇ ਬਾਹਰ ਆਈਆਂ। ਉਹ ਕਿਤਾਬਾਂ ਆਉਂਦੀਆਂ ਪੀੜ੍ਹੀਆਂ ਤੱਕ ਉਹਨਾਂ ਦੇ ਵਿਚਾਰ ਪਹੁੰਚਾਉਣ ਦਾ ਵਸੀਲਾ ਬਣੀਆਂ। 'ਕਲਮ' ਤਲਵਾਰ ਤੇ ਸਰੀਰਕ ਸੰਘਰਸ਼ ਤੋਂ ਵੀ ਵੱਧ ਪ੍ਰਭਾਵਸ਼ਾਲੀ ਬਣੀ ਅਤੇ ਸਦਾ ਪਥ-ਪ੍ਰਦਰਸ਼ਕ ਸਿੱਧ ਹੋਈ। ਪ੍ਰੋਫੈਸਰ ਸਾਹਿਬ ਸਿੰਘ ਜੀ ਨੇ ਆਪਣੀਆਂ ਕਈ ਪੁਸਤਕਾਂ ਦੀ ਸਮਗ੍ਰੀ ਜੇਲ੍ਹਾਂ ਵਿਚ ਤਿਆਰ ਕੀਤੀ। ਭਾਈ ਸਾਹਿਬ ਰਣਧੀਰ ਸਿੰਘ ਜੀ ਨੇ ਬਹੁਮੁਲੇ ਗੁਰਮਤਿ ਸਾਹਿਤ ਦੀਆਂ ਕਈ ਪੁਸਤਕਾਂ ਦੀ ਰਚਨਾ ਜੇਲ੍ਹ ਵਿਚ ਰਚੀ। ਇਹਨਾਂ ਕਰਾਂਤੀਕਾਰੀ ਮਹਾਪੁਰਸ਼ਾਂ ਦੇ ਉਪਦੇਸ਼, ਉਦੇਸ਼, ਆਦਰਸ਼ ਤੇ ਸੰਦੇਸ਼ ਅੱਜ ਵੀ ਓਨੇ ਹੀ ਪ੍ਰਭਾਵਸ਼ਾਲੀ ਹਨ ਜਿੰਨੇ ਉਹਨਾਂ ਦੇ ਜੀਵਨ ਸਮੇਂ। ਗੁਰਦੁਆਰਾ ਸੁਧਾਰ ਅਕਾਲੀ ਲਹਿਰ ਸਮੇਂ (1920–1925), ਪੰਜਾਬੀ ਸੂਬੇ ਦੇ ਮੋਰਚਿਆਂ ਸਮੇਂ ਅਤੇ ਐਮਰਜੈਂਸੀ ਸਮੇਂ (1975-76) ਜਿਹੜੇ ਸਿੱਖ ਜੇਲ੍ਹਾਂ ਵਿਚ ਰਹੇ, ਗੁਰਬਾਣੀ ਤੇ ਸਿੱਖ ਇਤਿਹਾਸ ਦੇ ਨਿਤਨੇਮੀ, ਪਾਠੀ ਤੇ ਵਿੱਦਵਾਨ ਸ਼ਰਧਾਲੂ ਬਣ ਕੇ ਬਾਹਰ ਆਏ। ਸੋ ਸੰਘਰਸ਼ੀ ਪੁਰਸ਼ ਸਾਹਿਤ, ਵਿਦਿਆ, ਇਤਿਹਾਸ, ਕਲਾ ਦੀ ਸਿਰਜਨਾ ਵੀ ਕਰਦੇ ਹਨ। ਉਹਨਾਂ ਦੇ ਆਦਰਸ਼ਕ ਵਿਚਾਰ ਪਾਠਕਾਂ ਦੇ ਮਨਾਂ ਅੰਦਰ ਵਸ ਜਾਂਦੇ ਹਨ ਤੇ



www.AKJ.Org

ਇਕ ਬਲਵਾਨ ਵਿਚਾਰਧਾਰਾ ਬਣ ਕੇ ਵਗਦੇ ਰਹਿੰਦੇ ਹਨ। ਅਖੰਡ ਕੀਰਤਨੀ ਜਥੇ ਅਜਿਹੀ ਹੀ ਵਿਚਾਰਧਾਰਾ ਦਾ ਵਗਦਾ ਦਰਿਆ ਹਨ।

3. ਸਫਲਤਾ–

ਨਿਜੀ, ਸ਼ਖ਼ਸੀ ਜ਼ਿੰਦਗੀ ਵਿਚ ਵੀ ਸੰਘਰਸ਼ ਦੁਆਰਾ ਹੀ ਉਨੰਤੀ ਤੇ ਵਿਕਾਸ ਹੋ ਸਕਦਾ ਹੈ। ਜੋ ਵੱਡੇ ਵੱਡੇ ਡਾਕਟਰ, ਇੰਜੀਨੀਅਰ, ਵਿਦਵਾਨ, ਵਕੀਲ, ਵਜ਼ੀਰ, ਸ਼ਾਸਕ ਦਿਸਦੇ ਹਨ, ਸਭ ਸੰਘਰਸ਼ ਦੀ ਸੁਚੱਜੀ ਤੇ ਸੁੰਦਰ ਉਪਜ ਹਨ। ਨਿਰਧਨ, ਅਨਪੜ੍ਹਾਂ ਘਰਾਂ ਵਿਚ ਜੰਮਣ ਵਾਲੇ ਬੱਚੇ ਮਹਾਨ ਸ਼ਕਤੀਸ਼ਾਲੀ ਮਹਾਂਪੁਰਸ਼ ਹੋ ਗੁਜ਼ਰੇ ਹਨ। ਇਹਨਾਂ ਨੇ ਜੀਵਨ ਨੂੰ ਸਫਲ ਕਰਨ ਲਈ ਮਿਹਨਤਾਂ ਕੀਤੀਆਂ, ਦ੍ਰਿੜ੍ਹਤਾ ਨਾਲ ਜੁਟੇ ਰਹੇ, ਆਪਣੇ ਨਿਜੀ ਗੁਣਾਂ ਦੀ ਸੁਵਰਤੋਂ ਕੀਤੀ, ਨਤੀਜੇ ਵਜੋਂ ਸਫਲਤਾ ਦੀ ਪ੍ਰਾਪਤੀ ਹੋਈ। ਜੋ ਦ੍ਰਿੜ੍ਹਤਾ ਨਾਲ ਕਿਸੇ ਸ਼ੁਭ ਕਾਰਜ ਲਈ ਸੰਘਰਸ਼ ਕਰਦੇ ਹਨ, ਅਤੇ ਡਿਗਦੇ ਡੋਲਦੇ ਨਹੀਂ, ਪ੍ਰਮਾਤਮਾ ਵੀ ਉਨ੍ਹਾਂ ਦੀ ਸਹਾਇਤਾ ਕਰਦਾ ਅਤੇ ਸਫ਼ਲਤਾ ਬਖ਼ਸ਼ਦਾ ਹੈ।

ਇਹ ਠੀਕ ਹੈ ਕਿ ਦਿਮਾਗ ਤੇ ਪ੍ਰਤਿਭਾ ਦੇ ਮਾਲਿਕ ਬੜੇ ਸੋਝੀਵਾਨ ਤੇ ਵਿਚਾਰਵਾਨ ਹੁੰਦੇ ਹਨ, ਪਰ ਗੱਲ ਤਾਂ ਅਮਲ ਕਰਨ ਦੀ ਹੈ ਅਤੇ ਪ੍ਰਤਿਭਾ ਦੀ ਸੁਚੱਜੀ ਵਰਤੋਂ ਦੀ ਹੈ। ਸੋ ਗਾੜ੍ਹੇ ਪਸੀਨੇ ਦੀ ਕਮਾਈ, ਮਿਹਨਤ, ਲਗਨ ਤੇ ਸ਼ੌਕ ਸਦਕਾ ਕੀਤੇ ਸੰਘਰਸ਼ ਨੂੰ ਵਧੇਰੇ ਕੀਮਤੀ ਤੇ ਸੁਆਦਲੇ ਫਲ ਲਗਦੇ ਹਨ। ਆਪਣੇ ਟੀਚੇ, ਨਿਸ਼ਾਨੇ, ਦਾਈਏ ਸਦਾ ਉਚੇ ਤੇ ਮਹਾਨ ਰੱਖੀਏ ਤੇ ਉਨ੍ਹਾਂ ਤੱਕ ਪਹੁੰਚਣ ਲਈ ਸੱਚੇ ਸੁੱਚੇ ਜਤਨ ਕਰੀਏ, ਕਾਮਯਾਬੀ ਅਵੱਸ਼ ਹੈ। ਸਫਲਤਾ ਲਈ ਸਾਰੀਆਂ ਸ਼ਕਤੀਆਂ ਨੂੰ ਇਕਾਗਰ ਤੇ ਇਕਸੁਰ ਕਰ ਕੇ ਜ਼ੋਰ ਲਾਉਣਾ ਪਵੇਗਾ। ਸਫਲਤਾ ਲਈ ਅਰਦਾਸ ਤੇ ਪਰਮਾਤਮਾ ਦੀ ਓਟ ਸਹਾਈ ਹੁੰਦੀ ਹੈ। ਇਸ ਨਾਲ ਸਫਲਤਾ ਦੀਆਂ ਆਸਾਂ ਬੱਝਦੀਆਂ ਹਨ। ਉਹ ਨਿਸ਼ਾਨਾ ਜਿੱਤਿਆ ਸਮਝਦਾ ਹੈ। ਇਹ ਆਸ ਸਵੈ-ਭਰੋਸਾ ਬਣ ਕੇ ਹੌਸਲਾ ਵਧਾਉਂਦੀ ਹੈ।

ਤਜਰਬੇ ਤੇ ਸੁੱਚੀ ਅਗਵਾਈ ਸਦਕਾ ਵੀ ਬਿਗੜੀਆਂ ਸੌਰ ਜਾਂਦੀਆਂ ਹਨ, ਸੁੱਕੇ ਹਰੇ ਹੋ ਜਾਂਦੇ ਹਨ; ਜੰਗਲ, ਬਾਗ ਤੇ ਰੇਤਲੇ ਥਲ, ਸਰਸਬਜ਼ ਖੇਤ ਬਣ ਜਾਂਦੇ ਹਨ, ਗੁੰਝਲਾਂ ਖੁੱਲ੍ਹ ਜਾਂਦੀਆਂ ਹਨ, ਹਾਰਾਂ ਜਿੱਤਾਂ ਵਿਚ ਬਦਲ ਜਾਂਦੀਆਂ ਹਨ, ਸਮੱਸਿਆਵਾਂ ਹੱਲ ਹੋ ਜਾਂਦੀਆਂ ਹਨ, ਇਮਤਿਹਾਨ ਪਾਸ ਕੀਤੇ ਜਾਂਦੇ ਹਨ। ਪਰ ਫਿਰ ਵੀ ਜ਼ਾਤੀ ਤੇ ਸਮੂਹਿਕ ਸੰਘਰਸ਼ ਕਰਨਾ ਹੀ ਪੈਂਦਾ ਹੈ। ਸਫਲ ਮਨੁੱਖ ਨੂੰ ਆਪਣੀਆਂ ਕਰਨੀਆਂ, ਕੰਮਾਂ, ਕਾਰਜਾਂ ਤੋਂ ਵੀ ਪੂਰਨ ਉਤਸ਼ਾਹ ਤੇ ਹੌਸਲਾ ਮਿਲਦਾ ਹੈ ਅਤੇ ਉਹ ਵਧੇਰੇ ਸਾਹਸ ਤੇ ਉਦਮ ਨਾਲ ਮਿਹਨਤ ਕਰਦਾ ਹੈ। ਇਸਤਰ੍ਹਾਂ ਸਫਲਤਾ ਤੇ ਸਫਲਤਾ ਦੀ ਪ੍ਰਾਪਤੀ ਹੁੰਦੀ ਰਹਿੰਦੀ ਹੈ। ਇਹੋ ਸਫਲ ਜੀਵਨ ਹੈ। ਬੰਦਾ ਜਨਮ ਤੋਂ ਮੌਤ ਤਕ ਕਿਸੇ ਨਾ ਕਿਸੇ ਪ੍ਰਾਪਤੀ ਦੇ ਆਹਰ ਵਿਚ ਰੁੱਝਿਆ ਰਹਿੰਦਾ ਹੈ। ਪ੍ਰਭੂ-ਪ੍ਰਾਪਤੀ ਲਈ ਵੀ ਲਗਾਤਾਰ ਇਕ-ਰਸ ਨਾਮ ਸਿਮਰਨ ਦੀ ਕਮਾਈ ਦੁਆਰਾ ਮਹਾਨ ਸੰਘਰਸ਼ ਕਰਨਾ ਪੈਂਦਾ ਹੈ, ਸੰਘਰਸ਼ ਕੀਤੇ ਬਿਨਾਂ ਸਫਲਤਾ ਪ੍ਰਾਪਤ ਨਹੀਂ ਹੋ ਸਕਦੀ।

ਹਰ ਪ੍ਰੋਗਰਾਮ ਵਿਚ ਅਨੁਭਵ ਸਦਕਾ 'ਸਫ਼ਲਤਾ' ਸੌਖੀ ਤੇ ਆਸਾਨ ਹੁੰਦੀ ਜਾਂਦੀ ਹੈ। ਸਫਲਤਾ ਅਨੰਦ, ਤ੍ਰਿਪਤੀ, ਸੰਤੁਸ਼ਟਤਾ, ਮਾਣ, ਆਦਰ, ਸਤਿਕਾਰ ਤੇ ਸਾਹਸ ਦੀ ਬਖਸ਼ਿਸ਼ ਕਰਦੀ ਹੈ, ਭਾਵੇਂ ਨਤੀਜਾ, ਮਿਹਨਤ ਤੇ ਸੰਘਰਸ਼ ਦਾ ਹੀ ਹੋਵੇ। "ਨਿਸਚੈ ਕਰ ਅਪਨੀ ਜੀਤ ਕਰੂੰ" ਦੇ ਸਿਧਾਂਤ ਦੀ ਅਮਲੀ ਕਰਨੀ ਜ਼ਰੂਰੀ ਹੈ। ਇਸੇ ਸਿਧਾਂਤ ਸਦਕਾ ਕਾਰਾਂ ਵਿਹਾਰਾਂ, ਸੋਚਾਂ ਸੋਝੀਆਂ, ਸੁਫਨਿਆਂ, ਫੁਰਨਿਆਂ, ਇਰਾਦਿਆਂ, ਅਮਲਾਂ ਨੂੰ ਸੁਚੱਜੀ ਸੇਧ ਮਿਲਦੀ ਹੈ, ਜੋ ਸਫਲਤਾ ਪਰਦਾਨ ਕਰਦੀ ਹੈ। ਕਿਸੇ ਅਸਫਲਤਾ ਤੋਂ ਘਬਰਾਉਣਾ ਨਹੀਂ ਚਾਹੀਦਾ। ਸਗੋਂ ਦੂਣੀ ਲਗਨ ਨਾਲ ਸੰਘਰਸ਼ ਜਾਰੀ ਰਖਦਿਆਂ ਅਸਫਲਤਾ ਨੂੰ ਸਫਲਤਾ ਵਿਚ ਬਦਲਣਾ ਹੈ। ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸੰਘਰਸ਼ੀ ਜੀਵਨ ਨੇ ਐਸੇ "ਪੂਰਨ ਮਨੁਖ-ਖ਼ਾਲਸੇ" ਦੀ ਸਿਰਜਨਾ ਕੀਤੀ, ਜਿਸ ਨੇ ਜ਼ੁਲਮੀ ਮੁਗਲ ਰਾਜ ਨੂੰ ਜੜ੍ਹਾਂ ਤੋਂ ਉਖੇੜ ਕ੍ਰੇ ਰਖ ਦਿਤਾ। ਮਹਾਰਾਜਾ ਰਣਜੀਤ ਸਿੰਘ, ਅਕਬਰ, ਇਬਰਾਹੀਮ ਲਿੰਕਨ, ਰਾਬਰਟ ਬਰੂਸ ਆਦਿਕਾਂ ਦੇ ਜੀਵਨ-ਸੰਘਰਸ਼ ਦੁਨੀਆ ਲਈ ਚਾਨਣ-ਮੁਨਾਰੇ ਹਨ। ਸਫਲ ਵਿਅਕਤੀਆਂ ਦੇ ਸੰਘਰਸ਼ੀ ਜੀਵਨ-ਆਦਰਸ਼, ਉਦੇਸ਼, ਸੰਦੇਸ਼ ਡਿੱਗੇ-ਢੱਠਿਆਂ ਨੂੰ ਸਿਰਕੱਢ ਖੜਾ ਕਰ ਦਿੰਦੇ ਹਨ, ਉਹ ਚੜ੍ਹਦੀ ਕਲਾ ਦੇ ਧਾਰਨੀ ਹੋ ਜਾਂਦੇ ਹਨ। ਉਹਨਾਂ ਵਿਚੋਂ ਸਵੈ-ਹੀਨਤਾ ਨਿਕਲ ਜਾਂਦੀ ਹੈ। ਉਹ ਆਪਣੇ ਆਤਮ-ਵਿਸ਼ਵਾਸ ਕਾਰਨ ਆਪਣੇ ਆਦਰਸ਼ ਨੂੰ ਪੂਰਾ ਕਰ ਕੇ ਹੀ ਛਡਦੇ ਹਨ।



www.AKJ.Org

# ਨਾਮ-ਗੁਰਮੰਤਰ

[ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

ਸਿਖ ਜਗਿਆਸੂਆਂ ਨੂੰ ਭੰਭਲ-ਭੂਸਿਆਂ ਵਿਚ ਪਾਉਣ ਲਈ ਡਿੰਭੀ ਗੁਰੂਆਂ ਨੇ ਬੜੇ ਭਰਮ-ਜਾਲ ਵਿਛਾਏ ਹੋਏ ਹਨ। ਉਹਨਾਂ ਦੇ ਚੇਲਿਆਂ ਵਲੋਂ ਦੇਹ-ਧਾਰੀ ਗੁਰੂ ਧਾਰਨ ਕਰਨ ਅਤੇ ਉਸ ਤੋਂ ਨਾਮ ਲੈਣ ਲਈ ਨਿਰੰਤਰ ਪ੍ਰਚਾਰ ਕੀਤਾ ਜਾਂਦਾ ਹੈ। ਭੋਲੇ ਭਾਲੇ ਸਿਖ ਜਗਿਆਸੂਆਂ ਨੂੰ ਇਹ ਆਖ ਕੇ ਭੁਚਲਾਇਆ ਜਾਂਦਾ ਹੈ ਕਿ ਜਿਥੇ ਬਾਕੀ ਗੁਰੂ 'ਵਰਣਾਤਮਿਕ ਨਾਮ' ਦਿੰਦੇ ਹਨ ਓਥੇ ਸਾਡੇ ਗੁਰੂ 'ਧੁਨਾਤਮਿਕ ਨਾਮ ਦਿੰਦੇ ਹਨ। ਸਾਧਾਰਨ ਜਗਿਆਸੂ ਨੂੰ 'ਵਰਣਾਤਮਿਕ' ਅਤੇ 'ਧੁਨਾਤਮਿਕ' ਸ਼ਬਦਾਂ ਦਾ ਅਰਥ ਹੀ ਨਹੀਂ ਆਉਂਦਾ। ਉਹ ਭੋਲੇਪਨ ਵਿਚ ਹੀ ਡਿੰਭੀ ਗੁਰੂਆਂ ਦੇ ਜਾਲ ਵਿਚ ਫਸ ਜਾਂਦਾ ਹੈ। ਅਸਲੀਅਤ ਇਹ ਹੈ ਕਿ ਵਰਣ (ਅੱਖਰਾਂ) ਅਥਵਾ ਸ਼ਬਦਾਂ ਤੋਂ ਹੀ ਧੁਨੀ ਬਣਦੀ ਹੈ, ਤੇ ਹਰੇਕ ਵਰਣਾਤਮਿਕ ਨਾਮ ਧੁਨਾਤਮਿਕ ਵੀ ਹੁੰਦਾ ਹੈ।

ਜਿਨ੍ਹਾਂ ਗੁਰਸਿਖਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ, ਤਿਆਰ-ਬਰ-ਤਿਆਰ ਪੂਰਨ ਜੋਤਿ-ਜਗੰਨੇ ਪੰਜ ਪਿਆਰਿਆਂ ਤੋਂ ਗੁਰ-ਦੀਖਿਆ ਵਜੋਂ ਨਾਮ-ਗੁਰਮੰਤਰ ਦੀ ਦਾਤ ਪ੍ਰਾਪਤ ਹੋਈਵੀ ਹੈ ਉਹਨਾਂ ਨੂੰ ਤਾਂ ਕਿਸੇ ਤੌਖਲੇ ਦੀ ਗੁੰਜਾਇਸ਼ ਨਹੀਂ, ਪਰ ਸਾਧਾਰਨ ਜਗਿਆਸੂ ਨਾਮ ਲੈਣ ਲਈ ਥਾਉਂ-ਥਾਈਂ ਭਟਕਦਾ ਫਿਰਦਾ ਹੈ।

ਕੁਝ ਦੇਰ ਤੋਂ ਸਿਖ ਧਰਮ ਦਾ ਬੁਧੀਜੀਵੀ ਵਰਗ, ਜੋ ਖ਼ੁਦ ਨਾਮ-ਅਭਿਆਸ-ਕਮਾਈ ਤੋਂ ਵਾਂਜਾ ਹੈ, ਉਹ ਪੱਛਮੀ ਵਿਦਿਆ ਦੇ ਪ੍ਰਭਾਵ ਅਧੀਨ ਨਾਮ-ਅਭਿਆਸ ਬਾਰੇ ਅਜੀਬ ਕਿਸਮ ਦੇ ਵਿਚਾਰ ਬੋਲ ਕੇ ਅਤੇ ਲਿਖ ਕੇ ਪ੍ਰਗਟ ਕਰ ਰਿਹਾ ਹੈ। ਉਹਨਾਂ ਦੇ ਵਿਚਾਰ ਅਨੁਸਾਰ ਕਿਸੇ ਇਕ ਸ਼ਬਦ ਦੀ ਤੋਤਾ-ਰਟਣੀ (Mechenical repetition() ਐਵੇਂ ਫਜ਼ੂਲ ਹੈ।

ਗੁਰਬਾਣੀ ਅੰਦਰ ਨਾਮ-ਗੁਰਮੰਤਰ ਨੂੰ ਬਾਰ ਬਾਰ, ਊਠਤ ਬੈਠਤ ਸੋਵਤ, ਸਾਸ ਗ੍ਰਾਸ ਜਪਣ ਦੀ ਪ੍ਰੇਰਨਾ ਦਿਤੀ ਹੋਈ ਹੈ, ਯਥਾ :-

ਚਲਤ ਬੈਠਤ ਸੋਵਤ ਜਾਗਤ ਗੁਰਮੰਤ੍ਰੁ ਰਿਦੈ ਚਿਤਾਰਿ ॥
ਚਰਣ ਸਰਣ ਭਜੁ ਸੰਗਿ ਸਾਧੂ ਭਵ ਸਾਗਰ ਉਤਰਹਿ ਪਾਰਿ ॥ (੧੦੦੬-੦੭)
ਹੋਹਿ ਅਚਿੰਤੁ ਬਸੈ ਸੁਖ ਨਾਲਿ ॥ ਸਾਸਿ ਗ੍ਰਾਸਿ ਹਰਿ ਨਾਮੁ ਸਮਾਲਿ ॥੭॥੧੯॥ (੨੮੯)

ਅੱਜ ਚਲ੍ਹ ਕੁਝ ਬੁਧੀਜੀਵੀ ਹੋਰ ਉਠ ਖਲੋਤੇ ਹਨ ਜੋ ਇਕ ਨਵਾਂ ਭੁਲੇਖਾ ਪਾ ਰਹੇ ਹਨ ਕਿ 'ਨਾਮ' ਗੁਰਮੰਤਰ ਤੋਂ ਵਖਰਾ ਹੈ। ਇਹ ਉਹਨਾਂ ਦੀ ਇਕ ਦਿਮਾਗੀ ਇਖ਼ਤਰਾਹ (ਢੁੱਚਰ) ਹੈ, ਜੋ ਭੋਲੇ ਭਾਲੇ ਸਿਖ ਜਗਿਆਸੂਆਂ ਨੂੰ ਐਵੇਂ ਪੱਟੜੀਓਂ ਲਾਹੁਣ ਵਾਲੀ ਗੱਲ ਹੈ।

ਗੁਰਬਾਣੀ ਵਿਚ ਆਏ ਪਦ 'ਨਾਮ', 'ਗੁਰਮੰਤ੍ਰ', 'ਗੁਰ-ਸ਼ਬਦ', ਇਹ ਸਾਰੇ ਸਮ-ਅਰਥੀ ਹਨ। ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਪੂਰਨ ਜੋਤਿ-ਜਗੰਨੇ ਤਿਆਰ-ਬਰ-ਤਿਆਰ ਪੰਜ ਪਿਆਰਿਆਂ ਤੋਂ ਗੁਰਦੀਖਿਆ ਵਜੋਂ ਪ੍ਰਾਪਤ ਹੋਇਆ ਗੁਰ-ਮੰਤਰ ਹੀ ਨਾਮ ਹੈ; ਗੁਰਵਾਕ :—

ਹਰਿ ਕਾ ਨਾਮੁ ਦੀਓ ਗੁਰਿ ਮੰਤ੍ਰੁ ॥ ਮਿਟੇ ਵਿਸੂਰੇ ਉਤਰੀ ਚਿੰਤ ॥੨॥੫੩॥ (੧੯੦)
ਸਤਿਗੁਰਿ ਮੰਤ੍ਰੁ ਦੀਓ ਹਰਿ ਨਾਮ ॥ ਇਹ ਆਸਰ ਪੂਰਨ ਭਏ ਕਾਮ ॥੨॥੮੧॥ (੧੯੬)
ਨੰਨਾਕਾਰੁ ਨ ਹੋਤਾ ਤਾ ਕਹੁ ॥ ਨਾਮੁ ਮੰਤ੍ਰੁ ਗੁਰਿ ਦੀਨੋ ਜਾ ਕਹੁ ॥੩੬॥ (੨੫੭)

ਅੰਤ ਵਿਚ ਗੁਰਮਤਿ ਨਾਮ ਦੀ ਅਤੁੱਟ ਕਮਾਈ ਕਰ ਕੇ ਪੰਥ ਵਿਚ ਪ੍ਰਵਾਣ ਹੋਈ ਸ਼ਖ਼ਸੀਅਤ ਭਾ: ਸਾ: ਭਾਈ ਰਣਧੀਰ ਸਿੰਘ ਜੀ ਦੀ ਲੇਖਣੀ ਵਿਚੋਂ ਕੁਝ ਟੂਕਾਂ ਇਸ ਨੁਕਤੇ ਦੇ ਸਪਸ਼ਟੀਕਰਨ ਵਜੋਂ ਥਲੇ ਦਿਤੀਆਂ ਜਾਂਦੀਆਂ ਹਨ :-

"ਏਹ ਪੂਰਾ ਸ਼ਬਦ ਪੂਰੇ ਸਤਿਗੁਰੂ ਦਾ ਦਰਸਾਇਆ ਦ੍ਰਿੜ੍ਹਾਇਆ ਹੋਇਆ ਕੇਵਲ ਗੁਰਮਤਿ ਨਾਮ ਅਥਵਾ



www.AKJ.Org

ਸਤਿਨਾਮ ਗੁਰਮੰਤਰ 'ਵਾਹਿਗੁਰੂ' ਹੀ ਹੈ।'' [ਗੁਰਮਤਿ ਨਾਮ ਅਭਿਆਸ ਕਮਾਈ ਪੰਨਾ ੧੦੭]

''ਗੁਰਮੰਤ੍ਰ ਨਾਮ ਅਭਿਆਸ ਕਮਾਈ ਹੀ ਅੰਧਕਾਰ-ਉਜਿਆਰੇ ਦਾ ਮੁਖ ਆਤਮ-ਔਜੀ-ਮੁਨਾਰਾ ਹੈ। ਇਸ ਮੂਲ ਤੋਂ ਹੀ ਜੋ ਬੇਮੂਲੇ ਹੋ ਗਏ ਅਤੇ ਘੁਸ ਗਏ, ਉਹਨਾਂ ਦੀ ਗੁਰੂ ਘਰ ਅੰਦਰ ਕੋਈ ਸਮਾਈ ਨਹੀਂ।'' [ਗੁਰਮਤਿ ਨਾਮ ਅਭਿਆਸ ਕਮਾਈ, ਪਨਾ ੮੯

''ਗੁਰਮੰਤ੍ਰ ਰੂਪੀ ਗੁਰਮਤਿ ਨਾਮ ਨੂੰ ਹੀ ਜਪ ਜਪ ਕੇ ਹਿਰਦੇ ਅੰਦਰ ਵਸਾਉਣਾ ਗੁਰੂ ਕਾ ਮੁਖ ਅਸੂਲੀ ਹੁਕਮ ਹੈ।'' [ਗੁਰਮਤਿ ਨਾਮ ਅਭਿਆਸ ਕਮਾਈ, ਪੰਨਾ ੯੨

---

## ਕਲਗੀਧਰ ਜੀ ਦੇ ਦੋ ਲਾਲ

[ਸ: ਅਤਰ ਸਿੰਘ ਜੀ ਨੀਰ]

ਸਤ ਤੇ ਨੌਂ ਸਾਲਾਂ ਦੇ ਬਾਲ।
ਕਲਗੀਧਰ ਜੀ ਦੇ ਦੋ ਲਾਲ।

ਫਤਿਹ ਸਿੰਘ ਜ਼ੋਰਾਵਰ ਸਿੰਘ ਨਿੱਕੇ
ਦੇਸ਼ ਕੌਮ ਤੋਂ ਕਿਦਾਂ ਵਿੱਕੇ
ਨਹੀਂ ਮਿਲਦੀ ਦੁਨੀਆ ਅੰਦਰ
ਇਹੋ ਜਿਹੀ ਕੋਈ ਮਿਸਾਲ ...
ਕਲਗੀਧਰ ਜੀ ਦੇ ਦੋ ਲਾਲ।
ਵਿਚ ਕਚਹਿਰੀ ਗਏ ਬੁਲਾਏ
ਨਾ ਉਹ ਝਿਜਕੇ ਨਾ ਘਬਰਾਏ
ਨਾਲ ਜੋਸ਼ ਦੇ ਬੋਲੇ ਗੱਜ ਕੇ
ਜਿਹੜਾ ਬੋਲੇ ਸੋ ਨਿਹਾਲ ...
ਕਲਗੀਧਰ ਜੀ ਦੇ ਦੋ ਲਾਲ।
ਸੂਬਾ ਆਖੇ ਰਾਜ ਮਿਲੇਗਾ
ਹੀਰਾਂ, ਹੂਰਾਂ, ਤਾਜ ਮਿਲੇਗਾ
ਛਡੋ ਸਿੱਖੀ, ਮੋਮਨ ਬਣ ਜਾਓ
ਮਾਲ ਜਗੀਰਾਂ, ਮਿਲੇ ਇਕਬਾਲ ...
ਕਲਗੀਧਰ ਜੀ ਦੇ ਦੋ ਲਾਲ।

ਫੁੱਲਾਂ ਵਾਂਗੂ ਹੱਸਦੇ ਹੱਸਦੇ
ਹੀਰਿਆਂ ਵਾਂਗੂ ਚਮਕਦੇ ਚਮਕਦੇ
ਖੜ ਅਡੋਲ ਪਹਾੜ ਦੇ ਵਾਂਗੂ
ਕਹਿੰਦੇ ਆ ਕੇ ਵਿਚ ਜਲਾਲ ...
ਕਲਗੀਧਰ ਜੀ ਦੇ ਦੋ ਲਾਲ।
ਸਿਰ ਦੇ ਨਾਲੋਂ ਸਿੱਖੀ ਪਿਆਰੀ
ਸਿੰਜਰੀ ਖੂਨ ਦੇ ਨਾਲ ਸੰਵਾਰੀ
ਨਾ ਕੋਈ ਲਾਲਚ ਨ ਡਰਾਵਾ
ਮਾਰ ਨਾ ਸਕੇ ਕੋਈ ਭੁਚਾਲ ...
ਕਲਗੀਧਰ ਜੀ ਦੇ ਦੋ ਲਾਲ।
ਚਿਣਵਾਏ ਦੁਇ ਕੰਧਾਂ ਅੰਦਰ
ਸੂਬੇ ਨੇ ਸਰਹੰਦ ਦੇ ਅੰਦਰ
ਫਿਰ ਵੀ ਵਧੀ ਚਮਕ ਲਾਲਾਂ ਦੀ
ਸੂਰਜ ਵਾਂਗੂ 'ਨੀਰ' ਵਿਸ਼ਾਲ ...
ਕਲਗੀਧਰ ਜੀ ਦੇ ਦੋ ਲਾਲ।

ਸਤ ਤੇ ਨੌਂ ਸਾਲਾਂ ਦੇ ਬਾਲ।
ਕਲਗੀਧਰ ਜੀ ਦੇ ਦੋ ਲਾਲ।

---

### ਅਚਿੰਤੇ ਬਾਜ ਪਏ-

ਸ੍ਰੀ ਮੁਕਤਸਰ ਦੇ ਉਘੇ ਤੇ ਪੁਰਾਤਨ ਸਿੰਘ, ਭਾਈ ਗੁਰਦੇਵ ਸਿੰਘ ਜੀ ਜਲੰਧਰ ਸਮਾਗਮ ਸ੍ਰੀ ਗੁਰੂ ਨਾਨਕ ਦੇਵ ਪ੍ਰਕਾਸ਼ ਉਤਸ਼ਵ ਦੇ ਅਨੂਠੇ ਰੰਗਾਂ ਵਿਚ ਵਾਪਸ ਜਾ ਰਹੇ ਸਨ ਕਿ ਮੁਕਤਸਰ ਤੋਂ ਸਤ ਮੀਲ ਉਰੇ ਬਸ ਐਕਸੀਡੈਂਟ ਵਿਚ ਦੋਵੇਂ ਲੱਤਾਂ ਟੁੱਟ ਕੇ ਸਾਰਾ ਸਰੀਰ ਚਕਨਾਚੂਰ ਹੋ ਗਿਆ। ਵੇਖਣ ਵਾਲੇ ਦਸਦੇ ਹਨ ਕਿ ਬੜੇ ਕਸ਼ਟ ਵਿਚ ਹੁੰਦਿਆਂ ਵੀ ਅੰਤਲੇ ਸੁਆਸਾਂ ਤਕ ਉਨ੍ਹਾਂ ਦੇ ਅੰਦਰੋਂ ਵਾਹਿਗੁਰੂ ਦੀ ਧੁਨੀ ਨਿਕਲਦੀ ਰਹੀ। ''ਜੀਵਤ ਸਾਹਿਬੁ ਸੇਵਿਓ ਅਪਨਾ ਚਲਤੇ ਰਾਖਿਓ ਚੀਤਿ'' ਗੁਰ-ਫੁਰਮਾਨ ਨੂੰ ਜੀਵਨ-ਯਾਤਰਾ ਵਿਚ ਸਫਲਾ ਕਰ ਕੇ ਸਰੀਰਕ ਚੋਲਾ ਤਿਆਗ ਗਏ। ਉਨ੍ਹਾਂ ਦੇ ਅੰਤਲੇ ਸਸਕਾਰ ਪਿਛੋਂ ਹੀ ਘਰ ਆ ਕੇ ਸਹਿਜ ਪਾਠ ਰਖੇ ਗਏ, ਜਿਸ ਦੇ ਭੋਗ 25-11-89 ਨੂੰ ਪਾਏ ਗਏ। ਸਤਿਗੁਰੂ ਵਿਛੜੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖ਼ਸ਼ਣ।



www.AKJ.Org

# ਹਰਿਮੰਦਰ ਸਾਹਿਬ

[ਪਾਂਧੀ ਨਨਕਾਣਵੀ, ਜੇ-8/122, ਰਾਜੌਰੀ ਗਾਰਡਨ, ਨਵੀਂ ਦਿਲੀ-23]

ਇਹ ਸੱਚਖੰਡ ਸਭ ਦਾ ਸਾਂਝਾ ਹੈ, ਜਿਸ ਜੇਡ ਨਾਂਹ ਹੋਰ ਦੁਆਰ ਕੋਈ।
ਗੁਰੂ ਅਰਜਨ ਦਾ ਇਹ ਸੁਫਨਾ ਹੈ, ਜਿਸ ਜੇਹਾ ਨਹੀਂ ਫਨਕਾਰ ਕੋਈ।
ਇਹ ਧਰਤੀ ਬੜੀ ਪਵਿੱਤਰ ਹੈ, ਜਿਸ ਨੂੰ 'ਅੰਮ੍ਰਿਤਸਰ' ਕਹਿੰਦੇ ਨੇ।
ਤੇ ਜਿਥੇ ਅੰਮ੍ਰਿਤ ਪੀਵਣ ਲਈ, ਬੰਬੀਹੇ ਢੁੱਕ ਢੁੱਕ ਬਹਿੰਦੇ ਨੇ।
ਗੁਰੂ ਗ੍ਰੰਥ ਸਾਹਿਬ ਦੀ ਬਾਣੀ ਸੁਣ, ਤਨ ਮਨ ਸਭ ਹਰਿਆ ਕਰ ਲੈਂਦੇ।
ਇਕ ਨਾਨਕ-ਨਾਮ ਦੇ ਬੇੜੇ ਤੇ, ਇਹ ਨਦੀ ਗ਼ਮਾਂ ਦੀ ਤਰ ਲੈਂਦੇ।
ਇਹ ਵੰਡੇ ਚਾਨਣ ਆਲਮ ਵਿਚ, ਹਿਰਦੇ ਦਾ ਨ੍ਹੇਰਾ ਦੂਰ ਕਰੇ।
ਜੋ ਝੋਲੀ ਅੱਡ ਕੇ ਆ ਜਾਵੇ, ਉਸ ਝੋਲੀ ਨੂੰ ਭਰਪੂਰ ਕਰੇ।
ਇਸ ਧਰਤੀ ਨਾਨਕ ਆਏ ਨੇ, ਜੋ 'ਅੰਗਦ' 'ਅਮਰ' ਕਹਾਏ ਨੇ।
'ਰਾਮਦਾਸ' ਸਰੋਵਰ ਨਹਾ ਨਹਾ ਕੇ, ਸਭ ਉਤਰੇ ਪਾਪ ਕਮਾਏ ਨੇ।
'ਗੁਰੂ ਅਰਜਨ' ਦਾ ਕੋਈ ਸਾਨੀ ਨਹੀਂ, ਜਿਸ ਮੀਆਂ ਮੀਰ ਬੁਲਾਇਆ ਹੈ।
ਚੰਨ ਮਾਨਵਤਾ ਨੂੰ ਲਗੇ ਨੇ, ਮਜ਼ਹਬਾਂ ਦਾ ਭੇਦ ਮਿਟਾਇਆ ਹੈ।
ਇਦ੍ਹੀ ਆਨ ਬਾਨ ਤੇ ਸ਼ਾਨ ਲਈ, ਬੰਦ 'ਮਨੀ ਸਿੰਘ' ਕਟਵਾਏ ਨੇ।
ਤੇ 'ਗੁਰੂ-ਬਖ਼ਸ਼' ਜਿਹੇ ਸਿੰਘਾਂ ਨੇ, 'ਅਬਦਾਲੀ' ਮਾਰ ਨਸਾਏ ਨੇ।
ਜੇ 'ਮੱਸੇ' ਹਉਮੈ ਵਿਚ ਆ ਕੇ, ਹੱਤਕ 'ਹਰਿਮੰਦਰ' ਕੀਤੀ ਹੈ।
ਉਹ ਕਬਰੀਂ ਸੁੱਤਾ ਭੁੱਲਾ ਨਹੀਂ, ਜੋ ਨਾਲ ਓਸ ਦੇ ਬੀਤੀ ਹੈ।
ਇਸ ਸ਼ਮ੍ਹਾ ਦੀ ਸੰਘੀ ਨੱਪਣ ਲਈ, ਜੇ ਕਈ ਹਤਿਆਰੇ ਬਣ ਉਠੇ।
ਤਾਂ 'ਦੀਪ ਸਿੰਘ' ਜਿਹੇ ਭੌਰੇ ਵੀ, ਝੱਟ-ਪਟ ਅੰਗਿਆਰੇ ਬਣ ਉਠੇ।
ਜੇ ਤਾਲ ਕਿਸੇ 'ਅਬਦਾਲੀ' ਨੇ, ਹੈ ਪੂਰਿਆ ਸਿੰਘ ਮੁਕਾਉਣ ਲਈ।
ਤਾਂ ਸਿੰਘਾਂ ਤਲੀ ਤੇ ਸਿਰ ਧਰ ਲਏ, 'ਹਰਿਮੰਦਰ' ਦਰਸ਼ਨ ਪਾਉਣ ਲਈ।
'ਜੰਗਨਾਮਾ' 'ਨੂਰ ਮੁਹੰਮਦ' ਦਾ, ਇਕ ਸਬਕ ਹੈ ਸ਼ਾਹ-ਸੁਲਤਾਨਾਂ ਨੂੰ।
ਜਿਨ੍ਹ ਖੰਡਾ ਚਖਿਆ 'ਜੱਸੇ' ਦਾ, ਨਹੀਂ ਭੁਲਣਾ ਉਹ ਅਫਗਾਨਾਂ ਨੂੰ।
'ਹਰਿਮੰਦਰ' ਸਾਡੇ ਦਿਲ ਵਿਚ ਹੈ, ਸੱਚ ਦੇ ਸ਼ੈਦਾਈ ਦਸਣ ਪਏ।
ਅੱਖਾਂ ਵਿਚ ਜੋਤ ਜੇ ਟਿੱਕ ਜਾਏ, ਤਾਂ ਦਾਰਾਂ ਤੇ ਵੀ ਹੱਸਣ ਪਏ।
ਇਸ ਘਰ ਵਿਚ 'ਮੀਰੀ-ਪੀਰੀ' ਹੈ, ਪਏ ਝੁੱਲਣ ਦੋ ਨਿਸ਼ਾਨ ਪਏ।
ਇਕ ਸ਼ਮ੍ਹਾ ਦੋਹਾਂ ਵਿਚ ਜਲਦੀ ਹੈ, ਹਨ ਦੋਹਰੇ ਸ਼ਮ੍ਹਾ-ਦਾਨ ਪਏ।
ਇਹ ਹਵਨ-ਕੁੰਡ ਹੈ ਸੱਚਿਆਂ ਦਾ, ਥਾਂ ਘਿਉ ਦੀ ਚਰਬੀ ਜਲੇ ਪਈ।
ਝੱਖੜ, ਤੂਫਾਨ ਹੰਢਾ ਕੇ ਵੀ, ਇਕ ਲਾਟ ਅਣਖ ਦੀ ਬਲੇ ਪਈ।
ਇਹ ਸੋਮਾ ਭਗਤੀ ਸ਼ਕਤੀ ਦਾ, ਪਈ ਵਗਦੀ ਅਣਖ ਦੀ ਧਾਰਾ ਹੈ।
ਇਹ ਪੰਥ ਨੂੰ ਦੇਂਦਾ ਸ਼ਕਤੀ ਹੈ, ਤੇ ਪੰਥ ਦਾ ਰਾਖਣ-ਹਾਰਾ ਹੈ।
'ਪਾਂਧੀ' ਉਹ ਮੰਜ਼ਲ ਲਭ ਲੈਂਦੇ, ਜੋ ਏਥੇ ਸੀਸ ਝੁਕਾਉਂਦੇ ਨੇ।
ਦਿਨ-ਰਾਤ ਬੰਬੀਹੇ ਵਾਂਗਰ ਹੀ, ਇਕ ਨਾਨਕ ਨਾਮ ਧਿਆਉਂਦੇ ਨੇ।



www.AKJ.Org

## ਭਾਈ ਸਾਹਿਬ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ੨੫ ਸਾਲ ਜਾਂ ਘਟ ਉਮਰ ਦੇ ਅੰਮ੍ਰਿਤਧਾਰੀ ਬੱਚੇ ਪ੍ਰੀਖਿਆ ਦੇ ਸਕਦੇ ਹਨ। ਪ੍ਰੀਖਿਆ ਦੇਣ ਵਾਲਾ ਜੁੜਤ ਸਰੂਪ ਸ੍ਰੀ ਗੁਰੂ ਗ੍ਰੰਥ ਸਾਹਿਬ ਤੋਂ ੩੦ ਪੰਨੇ ਪ੍ਰਤੀ ਘੰਟਾ ਪਾਠ ਦੀ ਯੋਗਤਾ ਰਖਦਾ ਹੋਵੇ, ਪਰ ਪਾਠ ਕਰਨ ਦੇ ਗੁਣ ਨੂੰ ਕਮਾਈ ਦੇ ਤੌਰ ਤੇ ਨਾ ਵਰਤਦਾ ਹੋਵੇ।

ਇਸ ਸਕੀਮ ਅਧੀਨ ਲੁੜੀਂਦੇ ਫ਼ਾਰਮ ਭਾਈ ਬਲਬੀਰ ਸਿੰਘ ਜੀ, ੨੩-ਜੀ, ਸਰਾਭਾ ਨਗਰ, ਲੁਧਿਆਣਾ ਤੋਂ ਮੰਗਵਾ ਕੇ ਠੀਕ ਢੰਗ ਨਾਲ ਭਰ ਕੇ, ੨੩ ਦਸੰਬਰ ਤਕ ਲੁਧਿਆਣੇ ਭੇਜ ਦਿਤੇ ਜਾਣ, ਤਾਕਿ ੨੬ ਦਸੰਬਰ ਤਕ ਉਥੇ ਪੁਜ ਜਾਣ।

ਖਾਲਸਾ ਜੀ ਦਾ ਸੇਵਕ—(ਰਾਮ ਸਿੰਘ) ਜਥੇਦਾਰ ਅਖੰਡ ਕੀਰਤਨੀ ਜਥਾ

## ਫ਼ਰਾਂਸ ਵਿਖੇ ਗੁਰਦਵਾਰਾ ਸਿੰਘ ਸਭਾ ਪੈਰਸ ਦੀ ਇਮਾਰਤ ਤਿਆਰ

ਲੋਕਲ ਸੰਗਤਾਂ ਤੇ ਹੋਰ ਮੁਲਕਾਂ ਦੀ ਸਹਾਇਤਾ ਨਾਲ ਲਖਾਂ ਫ਼ਰੈਂਚ-ਫ਼ਰੈਂਕ ਖ਼ਰਚ ਕੇ ਗੁਰਦਵਾਰਾ ਸਾਹਿਬ ਦੀ ਇਮਾਰਤ ਸ਼ਸੋਭਤ ਹੋ ਗਈ ਹੈ। ਐਡਰੈਸ ਹੈ— Gurdwara Singh Sabha Paris,
Association Loi 1901 No. 85/386, 16-18 rue de la Ferme,
93000 BOBIGNY. Tel 48.31.13.22

---

## ਕੀਰਤਨੀ ਬੀਬੀ ਦਲਜੀਤ ਕੌਰ ਦੇ ਮਾਤਾ ਜੀ ਵਿਛੋੜਾ ਦੇ ਗਏ

ਕੀਰਤਨੀ ਬੀਬੀ ਦਲਜੀਤ ਕੌਰ ਜੀ ਅੰਮ੍ਰਿਤਸਰ ਦੇ ਮਾਤਾ ਹਰਨਾਮ ਕੌਰ ਜੀ ਗੁਰਬਾਣੀ ਤੇ ਗੁਰ-ਚਰਨਾਂ ਦੇ ਪਿਆਰੇ ਸਨ। ਉਹ ਘਰ ਵਿਚ ਹੀ ਡਿਗ ਕੇ ਬੇਹੋਸ਼ ਹੋ ਗਏ ਅਤੇ ਕਈ ਦਿਨ ਬਿਸਤਰੇ ਤੇ ਰਹਿ ਕੇ ਚਲਾਣਾ ਕਰ ਗਏ। ਸਤਿਗੁਰੂ ਵਿਛੜੀ ਰੂਹ ਨੂੰ ਸਹਾਇਤਾ ਬਖ਼ਸ਼ਣ।

---

## ਰਿਸ਼ਤੇ ਨਾਤੇ—

ਨੋਟ—੧. ਚਿਠੀ ਲਫ਼ਾਫੇ ਤੇ ਪਤਾ ਲਿਖੋ : ਫ਼ਾਰਮ ਨੰ:——c/o ਸੂਰਾ, ਦਸਮੇਸ਼ ਮਾਰਕੀਟ, ਅਜੀਤ ਨਗਰ, ਅੰਮ੍ਰਿਤਸਰ। ੨. ਕੇਵਲ ਅੰਮ੍ਰਿਤਧਾਰੀ ਤੇ ਸਾਕਾਹਾਰੀ ਬੱਚਿਆਂ ਲਈ ਚਿਠੀ ਪੱਤਰ ਕਰੋ। ੩. ਰਿਸ਼ਤੇ ਨਾਤੇ ਦੇ ਫ਼ਾਰਮ ਦਫ਼ਤਰ 'ਸੂਰਾ' ਮਾਸਕ ਪੱਤਰ ਤੋਂ ਟਿਕਟ-ਲਗਾ ਲਫ਼ਾਫ਼ਾ ਭੇਜ ਕੇ ਮੁਫ਼ਤ ਮੰਗਾਓ।

ਫ਼ਾਰਮ ਨੰ: ੩੬੨ (ਪੁਰਾਣਾ)—੨੫ ਸਾਲਾ ਸਿੰਘ, ਕੱਦ ੫'-੩'', ਮੈਟਰਿਕ ਆਈ. ਟੀ. ਆਈ., ਗਿਆਨੀ ਪਾਸ, ਬਿਜਲੀ ਮੁਰੰਮਤ ਦੀ ਦੁਕਾਨ, ਮਾਸਿਕ ਆਮਦਨ ੨੦੦੦/-, ਲਈ ਕੇਸਕੀ ਸੰਜੁਕਤ ਕੀਰਤਨੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੩੭੨—੨੬ ਸਾਲਾ ਸਿੰਘਣੀ, ਕੱਦ ੫'-੬'' ਦਸਵੀਂ ਪਾਸ, ਕਢਾਈ ਸਿਲਾਈ ਤੇ ਪ੍ਰਾਈਵੇਟ ਸਕੂਲ ਵਿਚ ਟੀਚਰ, ਮਾਸਕ ੩੦ /-, ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੭੩—੩੦ ਸਾਲਾ ਸਿੰਘ ਕੱਦ ੫'-੪'', ਸਿਹਤ ਦਰਮਿਆਨੀ, ਕੰਮ ਖੇਤੀ ਬਾੜੀ, ਐਮ. ਏ., ਬੀ. ਐਡ., ਬੀ. ਏ. ਆਨਰਜ਼, ਲਈ ਜ਼ਿਮੀਦਾਰਾਂ ਪ੍ਰਵਾਰ ਚੋਂ ਰਿਸ਼ਤੇ ਦੀ ਲੋੜ ਹੈ।

ਫ਼ਾਰਮ ਨੰ: ੩੭੪—੧੭ ਸਾਲਾ ਬੀਬੀ, ਕੱਦ ੫'-੩'', ਦਸਵੀਂ ਪਾਸ, ਆਈ. ਟੀ. ਆਈ. ਸਿਲਾਈ ਕੋਰਸ ਪਾਸ, ਕੀਰਤਨੀ, ਲਈ ਤਿਆਰ ਬਰ ਤਿਆਰ ਵਰ ਦੀ ਲੋੜ ਹੈ।

ਫ਼ਾਰਮ ਨੰ: ੩੭੫—੨੩ ਸਾਲਾ ਸਿੰਘ, ਕੱਦ ੧੬੯ ਸੈਂਟੀਮੀਟਰ, ਬੀ. ਈ. ਮਕੈਨੀਕਲ ਪਾਸ, ਇੰਜੀਨੀਅਰ ਸਰਵਿਸ, ਮਾਸਿਕ ੧੮੦੦/-ਲਈ, ਕਿਸੇ ਤਿਆਰ ਬਰ ਤਿਆਰ ਬਦੇਸ਼ ਰਹਿੰਦੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੩੭੬—੨੨-੨੩ ਸਾਲਾ ਵਿਧਵਾ ਬੀਬੀ, ਸਿਹਤ ਬਹੁਤ ਚੰਗੀ, ਦਸਵੀਂ ਪਾਸ, ਨਿਤਨੇਮੀ, ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੭੭—੨੮ ਸਾਲਾ ਬੀਬੀ, ਕੱਦ ੫'-੩'', ਬੀ. ਐਸ. ਸੀ. ਮਿਊਜ਼ਿਕ ਜਾਣਦੀ, ਬੈਂਕ ਆਫ਼ੀਸਰ, ਲਈ ਯੋਗ ਵਰ ਦੀ ਲੋੜ ਹੈ।

ਫਾਰਮ ਨੰ: ੩੭੮—੨੧ ਸਾਲਾ ਬੀਬੀ, ਬੀ. ਏ. ਗਿਆਨੀ ਪਾਸ, ਕੱਦ ੫'-੧'', ਲਈ ਯੋਗ ਵਰ ਦੀ ਲੋੜ ਹੈ।

ਫ਼ਾਰਮ ਨੰ: ੩੭੯—੨੫ ਸਾਲਾ ਸਿੰਘ, ਕੱਦ ੫'-੬'', ਹਾਇਰ ਸੈਕੰਡਰੀ, ਬਿਜ਼ਨੈਸਮੈਨ, ਮਾਸਿਕ ਦਸ ਹਜ਼ਾਰ ਰੁਪਏ, ਲਈ ਘਰੇਲੂ ਪੜ੍ਹੀ ਲਿਖੀ ਬੀਬੀ ਦੀ ਲੋੜ ਹੈ।

ਫ਼ਾਰਮ ਨੰ: ੩੮੦—੨੪ ਸਾਲਾ ਬੀਬੀ, ਕੱਦ ੪'-੮', ਬੀ. ਏ. ਪਾਸ, ਨਰਸੀ ਡਿਪਲੋਮਾ, ਲਈ ਅਖੰਡ ਕੀਰਤਨੀ ਜਥੇ ਚੋਂ ਤਿਆਰ ਸਿੰਘ ਦੀ ਲੋੜ ਹੈ।

ਫ਼ਾਰਮ ਨੰ: ੩੮੧—੨੫ ਸਾਲਾ ਸਿੰਘ, ਪੰਜ ਜਮਾਤਾਂ ਪਾਸ, ਬਿਜਲੀ ਬੋਰਡ ਵਿਚ ਵਰਕ ਚਾਰਜ ਟੀ ਮੇਟ, ਤਨਖਾਹ ੧੩੦੦/- ਲਈ ਯੋਗ ਰਿਸ਼ਤੇ ਦੀ ਲੋੜ ਹੈ।



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਇਸ ਮਹੀਨੇ ਪੀੜਤ ਪਰਵਾਰਾਂ ਲਈ ਹੇਠ ਲਿਖੀ ਸਹਾਇਤਾ ਪੁਜੀ ਹੈ—

| | |
|---|---|
| ਸਾਧ ਸੰਗਤ ਗ੍ਰੇਵਜ਼ੈਂਡ ਕੈਂਟ ਯੂ.ਕੇ. | 10600-00 |
| ਬੀਬੀ ਮਹਿੰਦਰ ਕੌਰ, ਹੌਂਸਲੋ ,, | 1250-00 |
| ਸ: ਦਰਸ਼ਨ ਸਿੰਘ; ਸਲੋਅ ,, | 250-00 |
| ਸ: ਮਲਕੀਅਤ ਸਿੰਘ, ਸਲੋਅ ,, | 500-00 |
| ਭਾਈ ਹਰਬਖਸ਼ ਸਿੰਘ ਸਰਾਏ, ਚੈਥਮ ਯੂ. ਕੇ. | 1300-00 |
| ਬੀਬੀ ਸ਼ਰਨਜੀਤ ਕੌਰ, ਰੈਡਿੰਗ (ਚੜ੍ਹਦੀ ਕਲਾਲਈ) | 125-00 |
| ਬੀਬੀ ਸੁਰਿੰਦਰ ਕੌਰ, ਈਸਟ ਹੈਮ, ਲੰਡਨ | 1250-00 |
| ਸੰਗਤ ਈਸਟ ਹੈਮ ਲੰਡਨ (ਕੀਰਤਨ ਭੇਟ) | 8250-00 |
| ਬੀ: ਦਲਜੀਤ ਕੌਰ ਭਾ: ਮਹਿਤਾਬ ਸਿੰਘ ਐਮ੍ਰਿਤਸਰ ਮਾਤਾ ਦੇ ਭੋਗ ਸਮੇਂ ਚੜ੍ਹਾਵਾ ਆਦਿ | 569-95 |
| ਸ: ਸਾਧੂ ਸਿੰਘ ਰਾਏ, ਪੋਰਟਲ ਬੋਰਨੀ ਕੈਨੇਡਾ | 983-00 |
| ਸ: ਚਰਨ ਸਿੰਘ, ਵਿਲਸਨ ਗਰੀਨ ਯੂ. ਕੇ. | 1312-00 |
| ਸ: ਹਰਬੰਸ ਸਿੰਘ ਭੋਗਲ ,, ,, ,, | 2782-50 |
| ਸ: ਮਨਜੀਤ ਸਿੰਘ ,, ,, ,, | 3648-75 |
| ਸ: ਅਜੀਤ ਸਿੰਘ ਕੈਰੋਂ (ਅੰਮ੍ਰਿਤਸਰ) | 100-00 |
| ਗੁਪਤ ... ... ... | 31-00 |
| ਸ: ਜਸਬੀਰ ਸਿੰਘ, ਹੁਸ਼ਿਆਰਪੁਰ | 101-00 |
| ਬੀਬੀ ਅਮਰਜੀਤ ਕੌਰ, ਅੰਬਾਲਾ | 100-00 |
| ਬੀਬੀ ਗੁਰਚਰਨ ਕੌਰ, ਜੰਮੂ | 201-00 |
| ਭਾਈ ਪ੍ਰੀਤਮ ਸਿੰਘ, ਦਸੂਆ | 50-00 |
| ਬੀਬੀ ਤ੍ਰਿਲੋਚਨ ਕੌਰ, ਆਦਮਪੁਰ | 51-00 |
| ਸ: ਪ੍ਰਿਤਪਾਲ ਸਿੰਘ, ਆਦਮਪੁਰ | 101-00 |
| ਕਾਕਾ ਇੰਦਰਪਾਲ ਸਿੰਘ, ਮੁਹਾਲੀ | 1000-00 |
| ਸ: ਮੋਹਨ ਸਿੰਘ, ਬੁਲ੍ਹੋਵਾਲ | 200-00 |
| ਗੁਪਤ ... ... ... | 200-00 |
| ਬੀਬੀ ਗੁਰਮੇਲ ਕੌਰ, ਹੁਸ਼ਿਆਰਪੁਰ | 51-00 |
| ਸ: ਦਰਸ਼ਨ ਸਿੰਘ ਪੁਤਰ ਟਹਿਲ ਸਿੰਘ,ਮੂਲੀਆਂ ਵਾਲ | 30-00 |
| ਬੀਬੀ ਸੁਸ਼ੀਲ ਕੌਰ, ਹੁਸ਼ਿਆਰਪੁਰ | 21-00 |
| ਗੁਪਤ ... ... ... | 150-00 |
| ਗੁਪਤ ... ... ... | 150-00 |
| ਸ: ਸਰਦਾਰ ਸਿੰਘ ਬੀ: ਸਤਨਾਮ ਕੌਰ, ਕੋਟਾ | 500-00 |
| ਜਥੇਦਾਰ ਭਾਈ ਰਾਮ ਸਿੰਘ ਅੰਮ੍ਰਿਤਸਰ (ਸਮਾਗਮ ਭੇਟਾ) | 301-00 |
| ਸ: ਅਜੀਤ ਸਿੰਘ ਕੈਰੋਂ (ਮਦਰਾਸੀ ਪਰਵਾਰ ਲਈ) | 100-00 |

## ਸ਼ਹੀਦੀ ਤੇ ਪੀੜਤ ਪਰਵਾਰਾਂ ਨੂੰ ਦਿਤੀ ਗਈ ਸਹਾਇਤਾ

| | |
|---|---|
| ਬੀ: ਅਮ੍ਰੀਕ ਕੌਰ ਪਤਨੀ ਸ: ਬਲਦੇਵ ਸਿੰਘ, ਬੜਿੰਗ ਸੂਬਾ ਸਿੰਘ (ਅੰਮ੍ਰਿਤਸਰ)—ਭੁਜੰਗੀ ਸ਼ਹੀਦ, ਘਰੇਲੂ ਲੋੜਾਂ | 5000-00 |
| ਬੀ: ਕੰਵਲਜੀਤ ਕੌਰ ਪੁਤਰੀ ਭਾ: ਰਣਧੀਰ ਸਿੰਘ, ਬਟਾਲਾ—ਪਤੀ ਜੇਲ੍ਹ, ਘਰੋਗੀ ਲੋੜਾਂ | 4000-00 |
| ਸ: ਜਗਰੂਪ ਸਿੰਘ ਰਾਜੋਆਣਾ ਸਧਾਰੀਆ ਖ਼ੁਰਦ (ਲੁਧਿਆਣਾ) ਪੁਤਰ ਜੇਲ੍ਹ, ਕੇਸ ਦੀ ਪੈਰਵੀ ਤੇ ਘਰੋਗੀ ਲੋੜਾਂ | 5000-00 |
| ਬੀ: ਮਹਿੰਦਰ ਕੌਰ ਪਤਨੀ ਸਵਰਗੀ ਸਰੂਪ ਸਿੰਘ, ਅੰਮ੍ਰਿਤਸਰ—ਭੁਜੰਗੀ ਸ਼ਹੀਦ, ਘਰੋਗੀ ਲੋੜਾਂ | 5000-00 |
| ਬੀ: ਗੁਲਬੀਰ ਕੌਰ ਪਤਨੀ ਭਾ: ਕਸ਼ਮੀਰ ਸਿੰਘ, ਨਾਹਰਪੁਰ (ਗੁਰਦਾਸਪੁਰ) ਪਤੀ ਦੇ ਕੇਸ ਦੀ ਪੈਰਵੀ, ਘਰੋਗੀ ਲੋੜਾਂ | 10000-00 |
| ਬੀ: ਹਰਜੀਤ ਕੌਰ ਪਤਨੀ ਭਾ: ਪ੍ਰੀਤਮ ਸਿੰਘ, ਕੋਟ ਖਾਲਸਾ (ਅੰਮ੍ਰਿਤਸਰ), ਪਤੀ ਜੇਲ੍ਹ, ਘਰੋਗੀ ਲੋੜਾਂ | 3000-00 |
| ਬੀ: ਸੁਰਜੀਤ ਕੌਰ ਪਤਨੀ ਸ: ਚਰਨ ਸਿੰਘ ਸ਼ਰੀਫ਼ਪੁਰਾ, ਅੰਮ੍ਰਿਤਸਰ—ਭੁਜੰਗੀ ਸ਼ਹੀਦ, ਗੁਜ਼ਾਰਾ ਮੁਸ਼ਕਲ | 5000-00 |
| ਬੀ ਮੁਖਤਾਰ ਕੌਰ ਪਤਨੀ ਸ: ਪ੍ਰਗਟ ਸਿੰਘ,ਸੁਲਤਾਨਵਿੰਡ (ਅੰਮ੍ਰਿਤਸਰ)—ਯੂ.ਪੀ. ਤੋਂ ਉਜੜੇ, ਦੋ ਬੱਚੀਆਂ ਦੀ ਸ਼ਾਦੀ | 5000-00 |
| ਬੀ: ਪਾਲ ਕੌਰ ਪਤਨੀ ਸ: ਜੋਗਿੰਦਰ ਸਿੰਘ ਅੰਮ੍ਰਿਤਸਰ—ਕਮਾਊ ਬੱਚਾ ਸ਼ਹੀਦ, ਘਰੋਗੀ ਖਰਚਾਂ ਲਈ | 10,000-00 |
| ਬੀ. ਅਮਰਜੀਤ ਕੌਰ ਪਤਨੀ ਸ਼ਹੀਦ ਸੁਖਦੇਵ ਸਿੰਘ ਤ੍ਰਸਿਕਾ, (ਅੰਮ੍ਰਿਤਸਰ) ਬੱਚਿਆਂ ਦੀ ਪੜ੍ਹਾਈ ਤੇ ਲੋੜਾਂ | 5000-00 |
| ਬੀ: ਕੰਸ ਕੌਰ ਪਤਨੀ ਸ: ਪਿਆਰਾ ਸਿੰਘ, ਭੀਲੋਵਾਲ—ਪਤੀ ਸ਼ਹੀਦ, ਘਰੋਗੀ ਲੋੜਾਂ | 4000-00 |
| ਬੀ: ਗੁਰਬਚਨ ਕੌਰ ਪਤਨੀ ਸ: ਕ੍ਰਿਨਣ ਸਿੰਘ, ਭੀਲੋਵਾਲ (ਅੰਮ੍ਰਿਤਸਰ)—ਪੁਤਰ ਸ਼ਹੀਦ, ਘਰੇਲੂ ਲੋੜਾਂ ਲਈ | 4000-00 |
| ਫ਼ੌਜੀ ਅਤੇ ਸ਼ਹੀਦੀ 39 ਪਰਵਾਰਾਂ ਨੂੰ ਮਾਸਕ ਸਹਾਇਤਾ, ਬੈਂਕ ਰਾਹੀਂ | 8150-00 |
| ਸਰਦਾਰਨੀ ਅਮਰ ਕੌਰ ਪਤਨੀ ਭਾਈ ਭਜਨ ਸਿੰਘ (ਮਦਰਾਸੀ ਪਰਵਾਰ) | 2375-00 |

ਲਾਕਟ ਪ੍ਰਿੰਟਰਜ਼, ਬਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧-੧੨-੮੯ ਨੂੰ ਪ੍ਰਕਾਸ਼ਤ ਕੀਤਾ।

www.AKJ.Org

# ਲੁਧਿਆਣਾ ਵਿਖੇ ਦਸਮੇਸ਼ ਪ੍ਰਕਾਸ਼ ਉਤਸ਼ਵ ਸਮਾਗਮ

## [੧ ਜਨਵਰੀ ਸੋਮਵਾਰ ਸਵੇਰ ਤੋਂ ੪ ਜਨਵਰੀ ੧੯੯੦ ਵੀਰਵਾਰ ਸਵੇਰ ਤਕ]

ਅਖੰਡ ਕੀਰਤਨ ਜਥਿਆਂ ਵਲੋਂ ਸ੍ਰੀ ਗੁਰੂ ਗੋਬਿੰਦ ਜੀ ਦਾ ਪ੍ਰਕਾਸ਼ ਉਤਸ਼ਵ ਗੁਰਪੁਰਬ ਸਦਾ ਵਾਂਗ ਸ੍ਰੀ ਗੁਰੂ ਸਿੰਘ ਸਭਾ, ਮਾਡਲ ਟਾਊਨ, ਲੁਧਿਆਣਾ ਵਿਖੇ ਹੇਠ ਲਿਖੇ ਪ੍ਰੋਗਰਾਮ ਅਨੁਸਾਰ ਮਨਾਇਆ ਜਾ ਰਿਹਾ ਹੈ—

੧-੧-੯੦ ਸਵੇਰੇ ੫ ਤੋਂ ੭-੩੦ ਕੀਰਤਨ ਉਪਰੰਤ ਅਰੰਭ ਸ੍ਰੀ ਅਖੰਡਪਾਠ ਸ਼ਾਮ ੫-੩੦ ਤੋਂ ੮-੩੦ ਅਖੰਡ ਕੀਰਤਨ

੨-੧-੯੦ ਸਵੇਰੇ ੬ ਤੋਂ ੧੨ ਅਖੰਡ ਕੀਰਤਨ, ਭਾ:ਸਾ: ਰਣਧੀਰਸਿੰਘ ਅਕਾਡਮੀ,ਐਫ ਬਲਾਕ,ਭਾਈ ਸਾਹਿਬ ਰਣਧੀਰਸਿੰਘ ਨਗਰ ਵਿਖੇ (ਇਥੇ ਕੇਵਲ ਇਹੋ ਹੀ ਪ੍ਰੋਗਰਾਮ) ਸ਼ਾਮ ੫-੩੦ ਤੋਂ ੮-੩੦ ਅਖਡ ਕੀਰਤਨ

੩-੧-੯੦ ਸਵੇਰੇ ੬ ਵਜੇ ਭੋਗ ਅਖੰਡ ਪਾਠ, ਉਪਰੰਤ ਕੀਰਤਨ ਦੁਪਹਿਰ ਤਕ, ਸ਼ਾਮ ੬-੩੦ ਰੈਣ ਸਬਾਈ ਕੀਰਤਨ ਅਰੰਭ ਦੁਪਹਿਰ ਪਿਛੋਂ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ । (੪ ਜਨਵਰੀ ਸਵੇਰੇ ੬ ਵਜੇ ਸਮਾਪਤੀ)

ਨੋਟ—(੧) ਸਵਾਗਤੀ ਦਫਤਰ ਸ੍ਰੀ ਗੁਰੂ ਸਿੰਘ ਸਭਾ ਮਾਡਲ ਟਾਊਨ ਵਿਖੇ ਹੋਵੇਗਾ । (੨) ਬਿਸਤਰੇ ਜ਼ਰੂਰ ਲਿਆਓ ਜੀ ।

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ ਲੁਧਿਆਣਾ

## ਕਾਨਪੁਰ ਵਿਖੇ ਸ਼ਹੀਦ ਗੁਰਚਰਨਜੀਤ ਸਿੰਘ ਨਮਿਤ (HAL ਟਾਊਨਸ਼ਿਪ ਦੇ ਸਾਹਮਣੇ) ਸਮਾਗਮ

ਸ਼ਹੀਦ ਦੇ ਨਿਵਾਸ ਅਸਥਾਨ 201, ਸ਼ੰਕਰ ਨਗਰ ਵਿਖੇ 24 ਦਸੰਬਰ ਨੂੰ ਭੋਗ ਅਖੰਡ ਪਾਠ ਉਪਰੰਤ 11 ਵਜੇ ਤਕ ਕੀਰਤਨ

## ਜਗਾਧਰੀ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ 9 ਦਸੰਬਰ ਰਾਤ ਨੂੰ

ਭਾਈ ਮਨਸਾ ਸਿੰਘ ਗੁਰਦਵਾਰਾ ਬੂੜੀਆਂ ਗੇਟ ਵਿਖੇ ਰੈਣ ਸਬਾਈ ਕੀਰਤਨ ਹੋਣਗੇ ।

## ਘਲੂਘਾਰਾ (ਕਾਹਨੂੰਵਾਨ) ਦੇ ਸ਼ਹੀਦਾਂ ਦੀ ਯਾਦ ਵਿਚ

ਸ੍ਰੀ ਅਖੰਡ ਪਾਠ, ਰੈਣ ਸਬਾਈ ਤੇ ਅੰਮ੍ਰਿਤ-ਸਿੰਚਾਰ 27-1-89 ਨੂੰ

## ਮਜੀਠਾ (ਅੰਮ੍ਰਿਤਸਰ) ਵਿਖੇ ਭੋਗ ਅਖੰਡ ਪਾਠ ਤੇ ਕੀਰਤਨ 17 ਦਸੰਬਰ ਐਤਵਾਰ ਨੂੰ

ਭਾਈ ਜੋਗਿੰਦਰ ਸਿੰਘ ਸਪੁਤ੍ਰ ਭਾਈ ਰਤਨ ਸਿੰਘ (ਨਹਿਰ ਦਾ ਪੁਲ, ਹਰੀਆਂ ਵਾਲੀ ਸੜਕ ਦਸਮੇਸ਼ ਨਗਰ) ਦੇ ਗ੍ਰਿਹਿ ਵਿਖੇ। 17 ਦਸੰਬਰ ਸਵੇਰੇ ਅਜੀਤ ਨਗਰ ਅੰਮ੍ਰਿਤਸਰ ਤੋਂ ਮਜੀਠਾ ਲਈ ਬਸ ਚਲੇਗੀ ।

## ਸ੍ਰੀ ਗੁਰੂ ਸਿੰਘ ਸਭਾ ਸ਼ਾਹ ਕੋਟ ਵਿਖੇ ਸੰਗਤਾਂ ਵਲੋਂ 16 ਦਸੰਬਰ ਨੂੰ ਰੈਣ ਸਬਾਈ ਕੀਰਤਨ

---

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਗੁਰਮਤਿ ਸਮਾਗਮ

(1) ਸ਼ਹੀਦੀ ਪੁਰਬ (ਚਾਰ ਸਾਹਿਬਜ਼ਾਦੇ) ਸ੍ਰੀ ਅਖੰਡਪਾਠ 25 ਤੋਂ 27 ਦਸੰਬਰ, ਉਪਰੰਤ ਕੀਰਤਨ ਗੁਰਦੁਆਰਾ ਸਿਖ ਟੈਂਪਲ ਐਡ-ਵੇ ਟਾਊਨ ਕਾਸਕ ਸਟਰੀਟ, ਰੋਚੈਸਟਰ (ਕੈਂਟ) ਵਿਖੇ । ਗੁਰਦਵਾਰਾ ਫੋਨ 0634-49782
ਵਧੇਰੇ ਜਾਣਕਾਰੀ ਲਈ ਭਾਈ ਗੁਰਬਖਸ਼ ਸਿੰਘ ਸਰਾਏ ਚੈਟਮ; ਫੋਨ 0634-407547

(2) ਲੋਕਲ ਸ੍ਰੀ ਅਖੰਡਪਾਠ 15 ਤੋਂ 17 ਦਸੰਬਰ, ਉਪਰੰਤ ਕੀਰਤਨ, ਪਰਵਾਰ ਦੀ ਚੜ੍ਹਦੀ ਕਲਾ ਲਈ ਬੀਬੀ ਤਲਵਿੰਦਰ ਕੌਰ ਸਪੁਤ੍ਰੀ ਭਾਈ ਰਾਮ ਸਿੰਘ, 98-ਆਰਮੌਰੀ ਡਰਾਈਵ, ਗਰੇਵਜ਼ੈਂਡ (ਕੈਂਟ) ਦੇ ਗ੍ਰਿਹਿ ਵਿਖੇ । ਫੋਨ 0474-325894

(3) ਰੈਣ ਸਬਾਈ ਕੀਰਤਨ 9 ਦਸੰਬਰ ਰਾਤ ਗੁਰੂ ਨਾਨਕ ਗੁਰਦੁਆਰਾ, 8-ਐਡਵਰਡ ਸਟਰੀਟ, ਵੈਸਟ ਬ੍ਰਾਮਵਿਚ, ਬਰਮਿੰਘਮ ਵਿਖੇ । ਗੁਰਦਵਾਰਾ ਫੋਨ 021-553-1242 ਵਧੇਰੇ ਜਾਣਕਾਰੀ ਲਈ—ਭਾਈ ਜੋਗਾ ਸਿੰਘ ਫੋਨ 021-525-9244

### ਯੂ. ਕੇ. ਇੰਗਲੈਂਡ ਵਿਚ ਆਪਣੇ ਚੰਦੇ ਤੇ ਬਕਾਏ ਜਮ੍ਹਾ ਕਰਾਓ

S. Gurnam Singh, 10-Lambourne Gardens, Earley. Reading, Berks. Tele 0734-67900

## ਅਮਰੀਕਾ ਵਿਚ 21-12-89 ਐਤਵਾਰ ਨੂੰ ਅਖੰਡ ਕੀਰਤਨੀ ਜਥਿਆਂ ਵਲੋਂ ਰੈਣ ਸਬਾਈ ਕੀਰਤਨ

ਜਥੇ ਦੇ ਪੁਰਾਤਨ ਸਿੰਘ, ਭਾਈ ਕੇਵਲ ਸਿੰਘ ਦੇ ਗ੍ਰਿਹਿ 3740 ਪੋਂਟਡ ਪੌਨੀ ਰੋਡ, ਐਲ-ਸਬਰਾਂਟੇ, ਕੈਲੇਫੋਰਨੀਆ ਵਿਖੇ ਅੰਮ੍ਰਿਤ ਸੰਚਾਰ ਵੀ । ਪੁਛ ਗਿਛ ਲਈ— ਭਾਈ ਨਵਜੋਤ ਸਿੰਘ (415) 223-7560, ਭਾਈ ਰਜਿੰਦਰ ਸਿੰਘ (415) 824-6054

---

ਮਨੀਆਰਡਰ ਆਦਿ ਭੇਜਣ ਦਾ ਪਤਾ

'ਸੂਰਾ' ਮੰਥਲੀ, ਦਸਮੇਸ਼ ਕਲਾਥ ਮਾਰਕੀਟ; ਅਜੀਤ ਨਗਰ, ਸ੍ਰੀ ਅੰਮ੍ਰਿਤਸਰ

www.AKJ.Org